ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

Vol 17 * Issue 219
Daily Newspaper Friday, November 16, 2018
Tel: 905-793-2202 Fax: 905-793-2282 news@punjabipost.ca



Fair Advice Financial | Carle Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6



MORTGAGE ALLIANCE
Get Pre-Qualified in Minutes*
Mortgagealliance.com/ParminderMangat
Parminder Mangat
Mortgage Agent | Lic#10530
647-285-9119
pmangat@mortgagealliance.com
*Conditions Apply
20 Maritime Blvd. Unit #11, Brampton, L6S0C2


# ਫੋਰਡ ਸਰਕਾਰ ਵੱਲੋਂ ਪ੍ਰੋਵਿੰਸ ਦਾ ਘਾਟਾ 500 ਮਿਲੀਅਨ ਡਾਲਰ ਘਟਾਉਣ ਦਾ ਦਾਅਵਾ

ਓਨਟਾਰੀਓ, 15 ਨਵੰਬਰ (ਪੋਸਟ ਬਿਊਰੋ) : ਓਨਟਾਰੀਓ ਦੀ ਪ੍ਰੋਗਰੈਸਿਵ ਕੰਜ਼ਰਵੇਟਿਵ ਸਰਕਾਰ ਦਾ ਕਹਿਣਾ ਹੈ ਕਿ ਉਸ ਵੱਲੋਂ ਪ੍ਰੋਵਿੰਸ ਦੇ ਘਾਟੇ ਨੂੰ 500 ਮਿਲੀਅਨ ਡਾਲਰ ਘਟਾ ਦਿੱਤਾ ਗਿਆ ਹੈ। ਸਰਕਾਰ ਇਹ ਵੀ ਆਖ ਰਹੀ ਹੈ ਕਿ ਸੱਤਾ ਵਿੱਚ ਆਇਆਂ ਨੂੰ ਭਾਵੇਂ ਉਨ੍ਹਾਂ ਨੂੰ ਕੁੱਝ ਮਹੀਨੇ ਹੀ ਹੋਏ ਹਨ ਪਰ ਓਨਟਾਰੀਓ ਦਾ ਘਾਟਾ 14.5 ਬਿਲੀਅਨ ਡਾਲਰ ਰਹਿ ਗਿਆ ਹੈ।

ਇਸ ਤਬਦੀਲੀ ਦਾ ਜ਼ਿਕਰ ਸਰਕਾਰ ਦੇ 2018-19 ਦੇ ਆਰਥਿਕ ਬਿਆਨ ਵਿੱਚ ਕੀਤਾ ਗਿਆ। ਵੀਰਵਾਰ ਦੁਪਹਿਰ ਨੂੰ ਵਿਧਾਨਸਭਾ ਵਿੱਚ ਇਸ ਦਸਤਾਵੇਜ਼ ਨੂੰ ਪੇਸ਼ ਕਰਦਿਆਂ ਵਿੱਤ ਮੰਤਰੀ ਵਿੱਕ ਫੈਡੇਲੀ ਨੇ ਆਖਿਆ ਕਿ ਵਿੱਤੀ ਘਾਟਾ ਕਾਫੀ ਵੱਡਾ ਸੀ। ਉਨ੍ਹਾਂ ਆਖਿਆ ਕਿ ਸਾਡੀ ਸਰਕਾਰ ਲਈ ਆਉਣ ਵਾਲਾ ਸਮਾਂ ਵੀ ਸੁਖਾਲਾ ਨਹੀਂ ਹੋਵੇਗਾ ਤੇ ਸਾਨੂੰ ਹੋਰ ਸਖ਼ਤ ਫੈਸਲੇ ਲੈਣੇ ਪੈ ਸਕਦੇ ਹਨ।



ਪ੍ਰੋਵਿੰਸ ਦੇ ਹਰੇਕ ਜੀਅ ਨੂੰ ਬਿਨਾ ਕਿਸੇ ਰਿਆਇਤ ਦੇ ਬਲੀਦਾਨ ਦੇਣਾ ਹੋਵੇਗਾ। ਇੱਕ ਸਰਕਾਰੀ ਅਧਿਕਾਰੀ ਨੇ ਦੱਸਿਆ ਕਿ ਪ੍ਰੀਮੀਅਰ ਡੱਗ ਫੋਰਡ ਨੇ ਇਹ ਵਾਅਦਾ ਕੀਤਾ ਹੈ ਕਿ ਭਾਵੇਂ ਹੱਥ ਘੁੱਟਣ ਲਈ ਕੋਈ ਵੀ ਕੋਸ਼ਿਸ਼ ਕੀਤੀ ਜਾ ਰਹੀ ਹੈ ਪਰ ਉਸ ਨਾਲ ਕਿਸੇ ਦੀ ਨੌਕਰੀ ਨਹੀਂ ਖੁੱਸੇਗੀ। ਫਰੈਂਚ ਭਾਸ਼ਾ ਦੀ ਯੂਨੀਵਰਸਿਟੀ ਸਬੰਧੀ ਯੋਜਨਾ ਵੀ ਰੱਦ ਕਰ ਦਿੱਤੀ ਗਈ ਹੈ। ਹਾਲਾਂਕਿ ਸਰਕਾਰ ਹਾਲੇ ਇਹ ਨਹੀਂ ਦੱਸ ਸਕੀ ਹੈ ਕਿ ਇਸ ਕਦਮ ਨਾਲ ਕਿੰਨੀ ਰਕਮ ਦੀ ਬਚਤ ਹੋਵੇਗੀ। ਭਾਂਵੇਂ ਕਿ ਸਰਕਾਰ ਵੱਲੋਂ ਘੱਟ ਖਰਚਾ ਕੀਤਾ ਜਾ ਰਿਹਾ ਹੈ ਤੇ ਸਰਕਾਰ ਦਾ ਇਹ ਵੀ ਕਹਿਣਾ ਹੈ ਕਿ ਇਸ ਵਿੱਤੀ ਵਰ੍ਹੇ ਉਨ੍ਹਾਂ ਵੱਲੋਂ ਰੈਵਨਿਊ ਦੇ ਰੂਪ ਵਿੱਚ 2.7 ਬਿਲੀਅਨ ਡਾਲਰ ਘੱਟ ਲਿਆ ਗਿਆ ਹੈ।

ਟੋਰੀਜ਼ ਨੇ ਦੱਸਿਆ ਸੀ ਕਿ ਪਿਛਲੀ ਲਿਬਰਲ ਸਰਕਾਰ 15 ਬਿਲੀਅਨ ਡਾਲਰ ਦਾ ਘਾਟਾ ਸਾਡੇ ਸਿਰ ਮੜ੍ਹ ਕੇ ਗਈ ਸੀ। ਪਰ ਆਲੋਚਕਾਂ ਦਾ ਕਹਿਣਾ ਹੈ ਕਿ ਇਸ ਵਿੱਚ ਸਾਬਕਾ ਲਿਬਰਲ ਸਰਕਾਰ ਵੱਲੋਂ ਉਹ ਖਰਚਾ ਵੀ ਸ਼ਾਮਲ ਕੀਤਾ ਗਿਆ ਸੀ ਜਿਸਦਾ ਵਾਅਦਾ ਲਿਬਰਲ ਸਰਕਾਰ ਨੇ ਕੀਤਾ ਸੀ ਪਰ ਮੌਜੂਦਾ ਸਰਕਾਰ ਵੱਲੋਂ ਉਸ ਨੂੰ ਰੱਦ ਕਰ ਦਿੱਤਾ ਗਿਆ। ਜਦਕਿ ਦਸਤਾਵੇਜ਼ਾਂ ਵਿੱਚ ਪ੍ਰੋਵਿੰਸ ਦੇ ਬਜਟ ਨੂੰ ਸੰਤੁਲਿਤ ਕੀਤੇ ਜਾਣ ਦਾ ਜ਼ਿਕਰ ਹੈ ਪਰ ਇਹ ਨਹੀਂ ਦੱਸਿਆ ਗਿਆ ਕਿ ਇਹ ਟੀਚਾ ਹਾਸਲ ਕਰਨ ਵਿੱਚ ਕਿੰਨਾ ਕੁ ਸਮਾਂ ਲੱਗੇਗਾ।

# ਟੋਰਾਂਟੋ ਦੇ ਪ੍ਰਾਈਵੇਟ ਸਕੂਲ ਵਿੱਚ ਹੋਏ ਜਿਨਸੀ ਹਮਲੇ ਦੀ ਪੁਲਿਸ ਕਰ ਰਹੀ ਹੈ ਜਾਂਚ




ਟੋਰਾਂਟੋ, 15 ਨਵੰਬਰ (ਪੋਸਟ ਬਿਊਰੋ) : ਟੋਰਾਂਟੋ ਦੇ ਬਹੁਤ ਹੀ ਮਿਆਰੀ ਪ੍ਰਾਈਵੇਟ ਸਕੂਲ ਵਿੱਚ ਹੋਏ ਕਥਿਤ ਜਿਨਸੀ ਹਮਲੇ ਦੇ ਮਾਮਲੇ ਦੀ ਪੁਲਿਸ ਵੱਲੋਂ ਜਾਂਚ ਕੀਤੀ ਜਾ ਰਹੀ ਹੈ। ਬੁੱਧਵਾਰ ਨੂੰ ਇਸ ਸਕੂਲ ਵੱਲੋਂ ਇਹ ਐਲਾਨ ਕੀਤਾ ਗਿਆ ਸੀ ਕਿ ਦੋ ਗੰਭੀਰ ਮਾਮਲਿਆਂ ਦੇ ਸਬੰਧ ਵਿੱਚ ਵਿਦਿਆਰਥੀਆਂ ਨੂੰ ਕੱਢ ਦਿੱਤਾ ਗਿਆ ਹੈ। ਪਰ ਇਹ ਵੀ ਪਤਾ ਲੱਗਿਆ ਹੈ ਕਿ ਸਕੂਲ, ਜਿੱਥੇ ਇੱਕ ਵਿਦਿਆਰਥੀ ਉੱਤੇ ਜਿਨਸੀ ਹਮਲਾ ਕੀਤਾ ਗਿਆ, ਵੱਲੋਂ ਇਸ ਮਾਮਲੇ ਨੂੰ ਟੋਰਾਂਟੋ ਪੁਲਿਸ ਦੇ ਧਿਆਨ ਵਿੱਚ ਨਹੀਂ ਲਿਆਂਦਾ ਗਿਆ। ਇਹ ਜਾਣਕਾਰੀ ਵੀਰਵਾਰ ਨੂੰ ਟੋਰਾਂਟੋ ਪੁਲਿਸ ਦੀ ਤਰਜ਼ਮਾਨ ਨੇ ਦਿੱਤੀ। ਉਨ੍ਹਾਂ ਆਖਿਆ ਕਿ ਇਸ ਸਬੰਧ ਵਿੱਚ ਮੁਜਰਮਾਨਾਂ ਜਾਂਚ ਮੀਡੀਆ ਵੱਲੋਂ ਪੁਲਿਸ ਅਧਿਕਾਰੀਆਂ ਨਾਲ ਸੰਪਰਕ ਕੀਤੇ ਜਾਣ ਤੋਂ ਬਾਅਦ ਹੀ ਲਾਂਚ ਕੀਤੀ ਗਈ। ਪੁਲਿਸ ਵੱਲੋਂ ਕੁੱਝ ਵੇਰਵੇ ਵੀ ਜਾਰੀ ਕੀਤੇ ਗਏ ਤੇ ਦੱਸਿਆ ਗਿਆ ਕਿ ਇਹ ਜਾਂਚ ਸੇਂਟ ਮਾਈਕਲਜ਼ ਕਾਲਜ ਸਕੂਲ ਨਾਲ ਸਬੰਧਤ ਹੈ। ਇਹ ਇੱਕਲਾ ਲੜਕਿਆਂ ਦਾ ਕੈਥੋਲਿਕ ਸਕੂਲ ਹੈ ਜਿੱਥੇ 7ਵੀਂ ਤੋਂ ਲੈ ਕੇ 12ਵੀਂ ਕਲਾਸ ਤੱਕ ਦੇ ਬੱਚਿਆਂ ਨੂੰ ਪੜ੍ਹਾਇਆ ਜਾਂਦਾ ਹੈ। ਪੁਲਿਸ ਅਧਿਕਾਰੀਆਂ ਦਾ ਇਹ ਵੀ ਮੰਨਣਾ ਹੈ ਕਿ ਇਸ ਕਥਿਤ ਹਮਲੇ ਦੀ ਵੀਡੀਓ ਵੀ ਵਾਇਰਲ ਕੀਤੀ ਗਈ ਹੈ।

...ਬਾਕੀ ਪੰਨਾ 3 'ਤੇ

# ਰਲੀਜ਼ ਹੋਣ ਤੋਂ ਪਹਿਲਾਂ ਹੀ ਧਮਾਕੇ ਕਰ ਰਹੀ ਹੈ ਪੈਟ੍ਰਿਕ ਬ੍ਰਾਊਨ ਦੀ ਕਿਤਾਬ

ਓਨਟਾਰੀਓ, 15 ਨਵੰਬਰ (ਪੋਸਟ ਬਿਊਰੋ) : ਪ੍ਰੋਗਰੈਸਿਵ ਕੰਜ਼ਰਵੇਟਿਵ ਪਾਰਟੀ ਵਿੱਚੋਂ ਕੱਢੇ ਗਏ ਆਗੂ ਪੈਟ੍ਰਿਕ ਬ੍ਰਾਊਨ ਨੇ ਆਪਣੀ ਸ਼ੁੱਕਰਵਾਰ ਨੂੰ ਰਲੀਜ਼ ਹੋਣ ਜਾ ਰਹੀ ਕਿਤਾਬ ਵਿੱਚ ਆਪਣੇ ਦੋਖੀਆਂ ਉੱਤੇ ਨਿਸ਼ਾਨਾ ਸਾਧਿਆ ਹੈ। ਇੱਥੋਂ ਤੱਕ ਕਿ ਉਨ੍ਹਾਂ ਵਿੱਤ ਮੰਤਰੀ ਵਿੱਕ ਫੈਡੇਲੀ ਨੂੰ ਹੀ ਪਾਰਟੀ ਵਿੱਚੋਂ ਖੁਦ ਨੂੰ ਕੱਢੇ ਜਾਣ ਲਈ ਜ਼ਿੰਮੇਵਾਰ ਠਹਿਰਾਇਆ ਹੈ।

ਉਨ੍ਹਾਂ ਦੀ ਕਿਤਾਬ "ਟੇਕਡਾਊਨ : ਦ ਅਟੈਂਪਟਿਡ ਪੁਲਿਟਿਕਲ ਅਸੈਸੀਨੇਸ਼ਨ ਆਫ ਪੈਟ੍ਰਿਕ ਬ੍ਰਾਊਨ", ਭਾਵੇਂ ਅਜੇ ਰਲੀਜ਼ ਨਹੀਂ ਹੋਈ ਪਰ ਇਸ ਦੀਆਂ ਕੁੱਝ ਕਾਪੀਆਂ ਮੀਡੀਆ ਵੱਲੋਂ ਅਗਾਊਂ ਹਾਸਲ ਕਰ ਲਈਆਂ ਗਈਆਂ ਹਨ। ਪਿਛਲੇ ਮਹੀਨੇ ਬ੍ਰਾਊਨ ਨੂੰ ਬਰੈਂਪਟਨ ਦਾ ਮੇਅਰ ਚੁਣਿਆ ਗਿਆ। ਜ਼ਿਕਰਯੋਗ ਹੈ ਕਿ ਦੋ ਮਹਿਲਾਵਾਂ ਵੱਲੋਂ ਜਿਨਸੀ ਸ਼ੋਸ਼ਣ ਦੇ ਦੋਸ਼ ਲਾਏ ਜਾਣ ਕਾਰਨ ਜਨਵਰੀ ਵਿੱਚ ਬ੍ਰਾਊਨ ਨੂੰ ਧੱਕੇ ਨਾਲ ਟੋਰੀ ਆਗੂ ਵਜੋਂ ਅਸਤੀਫਾ ਦੇਣ ਲਈ ਮਜਬੂਰ ਕੀਤਾ ਗਿਆ ਸੀ। ਉਨ੍ਹਾਂ ਇਹ ਦੋਸ਼ ਵੀ ਲਾਇਆ ਕਿ ਪਿਛਲੇ ਸਾਲ ਇੱਕ ਮਹਿਲਾ ਸਟਾਫਰ ਵੱਲੋਂ ਫੈਡੇਲੀ ਉੱਤੇ ਵੀ ਅਨੁਚਿਤ ਵਿਵਹਾਰ ਦਾ ਦੋਸ਼ ਲਾਇਆ ਗਿਆ ਸੀ। ਪਰ




ਉਸ ਮਹਿਲਾ ਦੇ ਇਸ ਬਾਬਤ ਕੋਈ ਕਾਰਵਾਈ ਨਾ ਕੀਤੇ ਜਾਣ ਦੇ ਇਰਾਦੇ ਕਾਰਨ ਉਸ ਮਾਮਲੇ ਨੂੰ ਦਬਾਅ ਦਿੱਤਾ ਗਿਆ।

ਬ੍ਰਾਊਨ ਨੇ ਆਪਣੀ ਕਿਤਾਬ ਵਿੱਚ ਲਿਖਿਆ ਕਿ ਇਸ ਤੋਂ ਜਲਦ ਬਾਅਦ ਹੀ ਫੈਡੇਲੀ ਨੂੰ ਪਾਰਟੀ ਦਾ ਅੰਤਰਿਮ ਆਗੂ ਬਣਾ ਦਿੱਤਾ ਗਿਆ ਤੇ ਮਾਮਲਾ ਆਇਆ ਗਿਆ ਹੋ ਗਿਆ। ਇਸ ਦੌਰਾਨ ਬੁੱਧਵਾਰ ਨੂੰ ਬਿਆਨ ਜਾਰੀ ਕਰਕੇ ਫੈਡੇਲੀ ਨੇ ਬ੍ਰਾਊਨ ਵੱਲੋਂ ਲਾਏ ਗਏ ਦੋਸ਼ ਸਰਾਸਰ ਗਲਤ ਹਨ ਤੇ ਇਨ੍ਹਾਂ ਵਿੱਚ ਕੋਈ ਸੱਚਾਈ ਨਹੀਂ ਹੈ। ਉਨ੍ਹਾਂ ਇਹ ਵੀ ਆਖਿਆ ਕਿ ਬ੍ਰਾਊਨ ਬਦਲੇ ਲੈਣ ਲਈ ਆਪਣੀ ਕਿਤਾਬ ਦੀ ਵਰਤੋਂ ਕਰ ਰਹੇ ਹਨ। ਉਨ੍ਹਾਂ ਆਖਿਆ ਕਿ ਇਸ ਤਰ੍ਹਾਂ ਦੀਆਂ ਝੂਠੀਆਂ ਅਫਵਾਹਾਂ ਫੈਲਾਉਣ ਵਾਲੇ ਖਿਲਾਫ ਉਹ ਵੀ ਕਾਨੂੰਨੀ ਕਾਰਵਾਈ ਕਰਨ ਲਈ ਪੂਰੀ ਤਰ੍ਹਾਂ ਤਿਆਰ ਹਨ।

ਬ੍ਰਾਊਨ ਨੇ ਆਪਣੀ ਕਿਤਾਬ ਵਿੱਚ ਇਹ ਵੀ ਆਖਿਆ ਕਿ ਜਿਨਸੀ ਸ਼ੋਸ਼ਣ ਦੇ ਦੋਸ਼ ਲੱਗਣ ਦੇ ਬਾਵਜੂਦ ਡੱਗ ਫੋਰਡ ਨੇ ਮਾਰਚ ਵਿੱਚ ਹੋਈਆਂ ਪੀਸੀ ਪਾਰਟੀ ਲੀਡਰਸ਼ਿਪ ਚੋਣਾਂ ਦੌਰਾਨ ਉਨ੍ਹਾਂ ਨਾਲ ਵਾਅਦਾ ਕੀਤਾ ਸੀ ਕਿ ਜੇ ਉਹ ਆਪਣੀ ਸੰਸਥਾ ਨੂੰ ਉਨ੍ਹਾਂ ਨੂੰ ਪੱਕੇ ਪੈਰੀਂ ਕਰਨ ਲਈ ਵਰਤਦੇ ਹਨ ਤਾਂ ਉਨ੍ਹਾਂ ਨੂੰ ਸਰਕਾਰ ਬਣਨ ਉੱਤੇ ਪਸੰਦੀਦਾ ਅਹੁਦਾ ਦਿੱਤਾ ਜਾਵੇਗਾ।

...ਬਾਕੀ ਪੰਨਾ 6 'ਤੇ


ਕੀ ਤੁਸੀ ਕਾਕਰੋਚ, ਚੂਹੇ, ਕਿੜੇ-ਮਕੌੜਿਆਂ ਤੋਂ ਪਰੇਸ਼ਾਨ ਹੋ ਤੇ ਬੈਡ ਬੱਗਾਂ ਨੇ ਤੁਹਾਡੀ ਰਾਤਾਂ ਦੀ ਨਿੰਦ ਖਰਾਬ ਕੀਤੀ ਹੋਈ ਹੈ?
ਟਰੀਟਮੈਂਟ ਕਰਵਾਈ ਸੀ ਪਰ ਬਣੀ ਨੀ ਗੱਲ? ਤਾਂ ਘਬਰਾਉ ਨਾ ਟਰਾਂਟੋ ਪੈਸਟ ਅਰੈਸਟ ਵਾਲੇ ਕਰਨਗੇ ਪੱਕਾ ਹਲ !
Toronto Pest Arrest
Pest Control Services
Residential /Commercial/Industrial
ਕਾਲ ਕਰੋ: 647-515-8000
ਘੱਟ ਕੀਮਤ ਦੀ ਨਹੀ, ਪਰ ਸਿੱਕੇ ਬੰਦ ਕੰਮ ਦੀ ਗਰੰਟੀ ਹੈ
*Insured & Licensed

JOSHI LAW OFFICE
Barrister, Solicitor & Notary Public
E-mail : info@joshilawoffice.com
Immigration
Real Estate / Commercial Law
Affidavit / Power of Attorney
416-213-8600
Rakesh M. Joshi B.A., LL.B.
6921 Steels Ave. W. Unit 11, Etobicoke, ON

INSURANCE
HOME
AUTO
BUSINESS
TRUCKING
R.E.S.P
COMMERCIAL
CONNEX Insurance Brokers Ltd.
Tel: 647-206-2452
Sukhwinder K Singh
7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
Manwinder Mangat
416-845-1352
1332 Khalsa Dr, Unit # 11, Mississauga
Axcel Insurance Brokers Ltd.

HELPING YOUR PLAN TODAY......FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovarid Dr. W. Brampton,ON,L6X0T9

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
Aman Sharma
4515 Ebenezer Rd, Suite 211, Brampton, Ontario L6P2K7
Open Saturday
Providing excellent quality legal services to our clients

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
905.796.7500
Tico # 50021780
900 Raylawson Blvd. Unit # 6, Brampton

INSURANCE
Punjab Insurance Inc
Life / Disability / Critical Illness
Super Visa / Visitor / Travel /
RRSP / RESP /
SHEVINDER SIDHU Insurance Advisor
416-557-8080
shevindersidhu@gmail.com
10-7003 Steeles Ave. West, Etobicoke

FREE Examination
5yrs follow you up
Help!
ਬਵਾਸੀਰ ਤੋਂ ਛੁਟਕਾਰਾ ਪਾਓ
Effective Treatments: Anal Eczema, Colities, Neurodermatitis, Eczema, Chloasma, Psoriasis, Herpes, Rosacea, Vitiligo, Acne & other common diseases
HEMORRHOIDS FISTULAS FISSURES
Company Insurance Accepted
NAITCM Applying Zhang's Herbal Formulas & Technics
N.A.I. TCM TREATMENT CENTRE
905 812 7778 www.naitcm.com
6655 Kitimat Rd. Suite 13, Mississauga, ON. L5N 6J4

Best Insurance Rates
Auto Home Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Axcel Insurance Brokers Ltd.
Address: 1550 South Gateway Rd. Suite 220 Mississauga, ON L4W 5G6

ਕੀ ਤੁਸੀ ਕਿੜੇ-ਮਕੌੜਿਆਂ ਤੋਂ ਪਰੇਸ਼ਾਨ ਹੋਂ?
MICE, COCKROACH, BEDBUG & ALL COMMON BUGS
All Pest Control
AFFORDABLE & RELIABLE PEST CONTROL SERVICES
ਅੱਜ ਹੀ ਕਾਲ ਕਰੋ
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill
647.990.3205

MANN LAW FIRM
Real Estate Law
Wills & Estates
Power of Attorney
Affidavits Notarization / Declaration
Business Law
Family Law
Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

CN Forklift Training Center
Counterbalance All Types
Walkie pallet Low Lift
Electric Motor Narrow Aisle Reach
Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

ARISTO PEST CONTROL
RESIDENTIAL COMMERCIAL INDUSTRIAL
Expert in Bedbug & Cockroach Removal
100% removal of all pests written Guarantee
Protect yourself & your family from the Pests
Ants, Bees, Bed Bugs, Beetles, Racoons, Cockroaches, Centipedes, Flea, Hornets, Squirrel, Rats & Mice, Silverfish, Spiders
Sanket (Govt Licensed Exterminator)
647-339-3926
UNMARKED VEHICLE AVAILABLE
Email: aristopest@gmail.com
www.aristopestcontrol.com

Canada Consumer Credit Assistance
ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

SUPER VISA INSURANCE
VISITOR VISA INSURANCE
TRAVEL INSURANCE
STUDENT INSURANCE
NEW IMMIGRANT 90 DAYS MED. INSURANCE
Punjab Insurance Inc
www.punjabinsurance.ca
Sherjang Singh Rana 416-910-9000 rana@punjabinsurance.ca
10-7003 Steeles Ave West, Etobicoke, ON M9W 0A2
Harpreet Rana 416-871-3571 harpreetrana@punjabinsurance.ca

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Avon Financial Inc. Brokerage Lic. 12538
Cell: 416-841-4218 Tel: 905-216-5563
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

Royal Pest Control
Residential Commercial Industrial
Specialist in Bedbugs Service
All Pest Control :
Mouse & Rats
Spiders & Fleas
Bedbugs
Wasps
Cockroaches
Carpenter Ants
Silver Fish
Racoons
Call : PARESH PATEL (Government Approved Licensed Technician)
416 938 4598

KELLEY LAW OFFICE
AREA OF PRACTICE
Immigration
Real Estate
Family Law
Business Closing
Corporate
Wills & Estate
Power of Attorney/Affidavit / Attestations
SHINDER KELLEY Barrister, Solicitor & Notary Public
PH. : 905-362-0755
www.kelleylawoffice.ca
1200 Derry Road East Unit #15, Mississauga, ON L5T 0B3
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜ਼ਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟਾਰਨੀ, ਹਲਫ਼ਨਾਮੇ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ ।

# ASIAN FOOD CENTRE



SERVING FROM 10 LOCATIONS
IN ALL THE GTA AREA:

1. 621 Wanless drive unit 122 Brampton ON L7A 0A9 ............ 905-495-3336
2. 80 Pertosa Drive Brampton ON L5X-5E9 ............ 905-460-0009
3. 2120 North park drive Brampton ON L6S 0C9 ............ 905-793-1338
4. 284 Orenda Road #13 Brampton ON L6T 5S3 ............ 905-450-9167
5. 10 Westmore Drive Etobicoke ON M9V-3Z7 ............ 416-740-3262
6. 1075 Ceremonial Drive Mississauga ON L5R-2Z4 ............ 905-502-1600
7. 308 Eddystone Ave North York ON M3N-1H7 ............ 416-740-3360
8. 10510 Torbram Road, Brampton ............ 905-790-0030
9. 10 Pannahill Dr, Brampton ............ 905 913-8017
10. 21 Lacoste Blvd, Brampton, ON L6P 2K2 ............ 905 794-8109



chatr MOBILE

BLACK FRIDAY SALE NOV 23!




ZTE Z828
~~$80~~ $59.99**
**WHEN YOU ACTIVATE AN AUTO-PAY PLAN

NO TERM CONTRACTS
NO CREDIT CHECKS
DATA, TALK & TEXT
$40/MO.

LET'S GET GOING.
CHATRMOBILE.COM

VISIT OUR LOCATIONS TODAY!

379 Main St. North, Brampton, ON

2456 Lake Shore Blvd W., Etobicoke, ON

chatr AUTHORIZED DEALER

*Taxes extra. Offer subject to change without notice. Get 2GB of data at 3G speed up to 3Mbps. Once you reach your 3G speed data allotment, your data speed will be reduced until your next anniversary date. Valid at participating location(s) above and subject to change without notice. **Offer valid only at the above participating location(s) and subject to change without notice. Only applicable to new activations with the sign-up of pre-authorized payments with Auto-pay. Taxes are extra and while quantities last. ™ Trademarks used under license. ©2018

## ਅੱਜ ਨਾਮਾ

ਜਾਗਰ ਸਿੰਘ ਨੇ ਕਿਹਾ ਜਗਤਾਰ ਸੋਂਹ ਨੂੰ,
ਆ ਗਿਆ ਵੋਟਾਂ ਦਾ ਫੇਰ ਐਲਾਨ ਮਿੱਤਰ।
ਬਣਨਾ ਕੀਹਨੇ ਸਰਪੰਚ ਤਾਂ ਕਿਸ ਮਿੰਬਰ,
ਨਿੱਤਰਨ ਲੱਗੇ ਨੇ ਕਈ ਭਲਵਾਨ ਮਿੱਤਰ।
ਬਕਸੇ ਦਾਰੂ ਦੇ ਸੁਣੇ ਬਈ ਆਉਣ ਲੱਗੇ,
ਛਕਣ ਵਾਲਾ ਕੁਝ ਨਾਲ ਸਾਮਾਨ ਮਿੱਤਰ।
ਤਰਲੇ ਕੱਢਣ ਲਈ ਆਉਣਗੇ ਕੋਲ ਸਾਡੇ,
ਬਾਹਲੇ ਚੌਧਰੀ ਕਈ ਖੱਬੀ-ਖਾਨ ਮਿੱਤਰ।
ਆਖਿਆ ਹੱਸ ਕੇ ਅੱਗੋਂ ਜਗਤਾਰ ਸੋਂਹ ਨੇ,
ਖਰਚਾ ਕਰਨਗੇ ਢਿੱਡੋਂ ਨਹੀਂ ਜਰਨਗੇ ਈ।
ਲੱਗ ਗਿਆ ਦਾਅ, ਜੇ ਜਿੱਤ ਨਸੀਬ ਹੋਈ,
ਹਜਾਮਤ ਤੇਰੀ ਤੇ ਮੇਰੀ ਹੀ ਕਰਨਗੇ ਈ।

ਤੀਸ ਮਾਰ ਖਾਂ

# ਅਕਾਲੀ ਐੱਮ ਪੀ ਘੁਬਾਇਆ ਦਾ ਕਾਂਗਰਸੀ ਵਿਧਾਇਕ ਪੁੱਤਰ ਨਵੇਂ ਵਿਵਾਦ 'ਚ ਫਸਿਆ

### * ਮਹਿਲਾ ਐੱਸ ਐੱਚ ਓ ਵਿਰੁੱਧ ਧਮਕਾਊ ਭਾਸ਼ਾ ਦੀ ਆਡੀਓ ਵਾਇਰਲ





ਫਾਜ਼ਿਲਕਾ, 15 ਨਵੰਬਰ, (ਪੋਸਟ ਬਿਊਰੋ)- ਪੰਜਾਬ ਦੇ ਫਾਜ਼ਿਲਕਾ ਵਿਧਾਨ ਸਭਾ ਹਲਕਾ ਤੋਂ ਕਾਂਗਰਸ ਟਿਕਟ 'ਤੇ ਚੁਣੇ ਵਿਧਾਇਕ ਦਵਿੰਦਰ ਸਿੰਘ ਘੁਬਾਇਆ ਵੱਲੋਂ ਥਾਣਾ ਸਿਟੀ ਫਾਜ਼ਿਲਕਾ ਦੀ ਇੰਚਾਰਜ ਸਬ-ਇੰਸਪੈਕਟਰ ਲਵਮੀਤ ਕੌਰ ਨੂੰ ਧਮਕੀ ਦਿੱਤੇ ਜਾਣ ਦੀ ਆਡੀਓ ਸੋਸ਼ਲ ਮੀਡੀਆ ਉੱਤੇ ਵਾਇਰਲ ਹੋ ਰਹੀ ਹੈ। ਇਸ ਵੀਡੀਓ ਵਿੱਚ ਵਿਧਾਇਕ ਦਵਿੰਦਰ ਸਿੰਘ ਘੁਬਾਇਆ ਸਿੱਧੇ ਸ਼ਬਦਾਂ ਵਿੱਚ ਹੀ ਮਹਿਲਾ ਥਾਣਾ ਮੁਖੀ ਨੂੰ ਉਨ੍ਹਾਂ ਦੇ ਵਰਕਰਾਂ ਨੂੰ ਪ੍ਰੇਸ਼ਾਨ ਕਰਨ, ਉਨ੍ਹਾਂ ਦਾ ਫੋਨ ਨਾ ਸੁਣਨ ਤੇ ਕੰਮ ਨਾ ਕਰਨ ਦੀ ਗੱਲ ਕਹਿ ਕੇ ਉਸ ਦੀ ਬਦਲੀ ਕਰਾਉਣ ਦੀ ਧਮਕੀ ਦੇ ਰਹੇ ਹਨ ਅਤੇ ਲਵਮੀਤ ਕੌਰ ਅੱਗੋਂ ਵਿਧਾਇਕ ਨੂੰ ਤਮੀਜ਼ ਨਾਲ ਗੱਲ ਕਰਨ ਤੇ ਉਸ ਦੀ ਬਦਲੀ ਕਰਾਉਣ ਨੂੰ ਚੁਣੌਤੀ ਦਿੰਦੀ ਸੁਣ ਰਹੀ ਹੈ। ਵਿਧਾਇਕ ਅਤੇ ਥਾਣਾ ਮੁਖੀ ਦੋਵਾਂ ਨੇ ਇਸ ਵਾਇਰਲ ਹੋਈ ਆਡੀਓ ਦੀ ਗੱਲਬਾਤ ਨੂੰ ਸੱਚ ਮੰਨਿਆ ਹੈ।

ਕਾਂਗਰਸੀ ਵਿਧਾਇਕ ਦਵਿੰਦਰ ਸਿੰਘ ਘੁਬਾਇਆ ਦੇ ਮੁਤਾ-ਬਕ ਉਨ੍ਹਾਂ ਦੇ ਵਰਕਰਾਂ ਨੂੰ ਸਬ-ਇੰਸਪੈਕਟਰ ਲਵਮੀਤ ਕੌਰ ਗੈਰ-ਜ਼ਰੂਰੀ ਪ੍ਰੇਸ਼ਾਨ ਕਰਦੀ ਹੈ। ਉਸ ਨੇ ਉਨ੍ਹਾਂ ਦੇ ਵਰਕਰ ਦਾ ਮੋਟਰ ਸਾਈਕਲ ਰੋਕਿਆ ਅਤੇ ਵਰਕਰ ਨੇ ਲਵਮੀਤ ਕੌਰ ਨੂੰ ਉਨ੍ਹਾਂ ਨਾਲ ਗੱਲ ਕਰਨ ਨੂੰ ਕਿਹਾ ਤਾਂ ਉਸ ਨੇ ਉਨ੍ਹਾਂ ਨਾਲ ਗੱਲ ਨਹੀਂ ਕੀਤੀ। ਉਨ੍ਹਾਂ ਇਹ ਵੀ ਕਿਹਾ ਕਿ ਲਵਮੀਤ ਕੌਰ ਸਰਕਾਰੀ ਨੰਬਰ ਉੱਤੇ ਵੀ ਉਨ੍ਹਾਂ ਦਾ ਫੋਨ ਨਹੀਂ ਸੁਣਦੀ। ਘੁਬਾਇਆ ਨੇ ਕਿਹਾ ਕਿ ਉਹ ਲੋਕਾਂ ਵੱਲੋਂ ਚੁਣੇ ਹੋਏ ਨੁਮਾਇੰਦੇ ਹਨ, ਐਸ ਐਚ ਓ ਉਨ੍ਹਾਂ ਦੀ ਜਾਂ ਉਨ੍ਹਾਂ ਦੇ ਵਰਕਰਾਂ ਦੀ ਗੱਲ ਨਹੀਂ ਸੁਣੇਗੀ ਤਾਂ ਉਹ ਉਸ ਦੀ ਬਦਲੀ ਕਰਾਉਣ ਦੀ ਵਾਹ ਲਾਉਣਗੇ। ਵਰਨਣ ਯੋਗ ਹੈ ਕਿ ਵਿਧਾਇਕ ਘੁਬਾਇਆ ਦੇ ਪਿਤਾ ਸ਼ੇਰ ਸਿੰਘ ਘੁਬਾਇਆ ਅਕਾਲੀ ਟਿਕਟ ਉੱਤੇ ਪਾਰਲੀਮੈਂਟ ਦੀ ਚੋਣ ਜਿੱਤੇ ਸਨ ਤੇ ਹਾਲੇ ਵੀ ਅਕਾਲੀ ਦਲ ਵਿੱਚ ਹਨ। ਚੋਣਾਂ ਤੋਂ ਪਹਿਲਾਂ ਕਾਂਗਰਸ ਵਿੱਚ ਸ਼ਾਮਲ ਹੋਏ ਵਿਧਾਇਕ ਘੁਬਾਇਆ ਪਹਿਲਾਂ ਵੀ ਕਈ ਵਿਵਾਦਾਂ ਵਿੱਚ ਹਨ ਤੇ ਉਨ੍ਹਾਂ ਵਿਰੁੱਧ ਚੋਣ ਪਟੀਸ਼ਨ ਵੀ ਚੱਲ ਰਹੀ ਹੈ।

ਤਾਜ਼ਾ ਕੇਸ ਵਿੱਚ ਐਸ ਐਚ ਓ ਲਵਮੀਤ ਕੌਰ ਨੇ ਦੱਸਿਆ ਕਿ ਉਨ੍ਹਾਂ ਨੇ ਇਕ ਵਿਅਕਤੀ ਦਾ ਬਿਨਾਂ ਨੰਬਰ ਵਾਲਾ ਮੋਟਰ ਸਾਈਕਲ ਰੋਕਿਆ ਅਤੇ ਚਲਾਣ ਕੀਤਾ ਸੀ। ਐਸ ਐਚ ਓ ਨੇ ਕਿਹਾ ਕਿ ਉਹ ਕਿਸੇ ਨੂੰ ਗੈਰ-ਜ਼ਰੂਰੀ ਪ੍ਰੇਸ਼ਾਨ ਨਹੀਂ ਕਰਦੀ, ਉਨ੍ਹਾਂ ਦੀ ਨਾ ਘੁਬਾਇਆ ਅਤੇ ਨਾ ਉਨ੍ਹਾਂ ਦੇ ਵਰਕਰਾਂ ਨਾਲ ਦੁਸ਼ਮਣੀ ਹੈ, ਦਵਿੰਦਰ ਸਿੰਘ ਘੁਬਾਇਆ ਵਿਧਾਇਕ ਹਨ, ਉਨ੍ਹਾਂ ਆਪਣਾ ਕੰਮ ਕਰਨਾ ਹੈ, ਮੈਂ ਆਪਣਾ। ਘੁਬਾਇਆ ਦੀ ਗੱਲ ਸਰਕਾਰੀ ਨੰਬਰ ਉੱਤੇ ਨਾ ਸੁਣਨ ਬਾਰੇ ਉਨ੍ਹਾਂ ਕਿਹਾ ਕਿ ਉਹ ਕਈ ਵਾਰ ਜ਼ਰੂਰੀ ਕੰਮ ਜਾਂ ਸਰਕਾਰੀ ਮੀਟਿੰਗ ਵਿੱਚ ਹੁੰਦੀ ਹੈ, ਨਹੀਂ ਤਾਂ ਹਮੇਸ਼ਾ ਫੋਨ ਅਟੈਂਡ ਕਰਦੀ ਹੈ।

## ਟੋਰਾਂਟੋ ਦੇ ਪ੍ਰਾਈਵੇਟ ਸਕੂਲ ਵਿੱਚ ਹੋਏ ਜਿਨਸੀ ਹਮਲੇ ਦੀ ਪੁਲਿਸ ਕਰ ਰਹੀ ਹੈ ਜਾਂਚ

...ਪੰਨਾ 1 ਦਾ ਬਾਕੀ

ਬੁੱਧਵਾਰ ਰਾਤ ਨੂੰ ਜਾਰੀ ਕੀਤੇ ਗਏ ਇੱਕ ਬਿਆਨ ਵਿੱਚ ਪੁਲਿਸ ਨੇ ਆਖਿਆ ਕਿ ਚਾਈਲਡ ਐਕਸਪਲੌਇਟੇਸ਼ਨ ਸੈਕਸ਼ਨ ਵਿਭਾਗ ਦੇ ਜਾਂਚਕਾਰਾਂ ਨੇ ਇਹ ਪਤਾ ਲਾਇਆ ਹੈ ਕਿ ਵੀਡੀਓ ਚਾਈਲਡ ਪੋਰਨੋਗ੍ਰਾਫੀ ਦੀ ਪਰਿਭਾਸ਼ਾ ਨਾਲ ਮੇਲ ਖਾਂਦੀ ਹੈ। ਵਿਭਾਗ ਵੱਲੋਂ ਇਹ ਵੀ ਆਖਿਆ ਗਿਆ ਹੈ ਕਿ ਜਿਸ ਕਿਸੇ ਕੋਲ ਵੀ ਇਸ ਵੀਡੀਓ ਦੀ ਕੋਈ ਕਾਪੀ ਹੈ ਉਹ ਇਸ ਨੂੰ ਫੌਰਨ ਡਲੀਟ ਕਰ ਦੇਵੇ। ਇਸ ਮਾਮਲੇ ਉੱਤੇ ਟਿੱਪਣੀ ਕੀਤੇ ਜਾਣ ਦੀ ਬੇਨਤੀ ਉੱਤੇ ਸਕੂਲ ਵੱਲੋਂ ਹਾਲ ਦੀ ਘੜੀ ਕੋਈ ਪ੍ਰਤੀਕਿਰਿਆ ਨਹੀਂ ਦਿੱਤੀ ਗਈ। ਪਰ ਸਕੂਲ ਵੱਲੋਂ ਮਾਪਿਆਂ ਨੂੰ ਲਿਖੀ ਚਿੱਠੀ ਵਿੱਚ ਇਹ ਆਖਿਆ ਗਿਆ ਹੈ ਕਿ ਪ੍ਰਸ਼ਾਸਕਾਂ ਨੂੰ ਦੋ ਬੇਹੱਦ ਗੰਭੀਰ ਮਾਮਲਿਆਂ ਬਾਰੇ ਪਤਾ ਲੱਗਿਆ ਹੈ, ਜੋ ਕਿ ਕੈਂਪਸ ਵਿੱਚ ਵਾਪਰੇ ਹਨ ਤੇ ਇਹ ਵਿਦਿਆਰਥੀਆਂ ਦੇ ਕੋਡ ਆਫ ਕੰਡਕਟ ਦੀ ਸਰਾਸਰ ਉਲੰਘਣਾਂ ਕਰਦੇ ਹਨ।

ਸਕੂਲ ਨੇ ਇਹ ਵੀ ਲਿਖਿਆ ਹੈ ਕਿ ਹਰ ਪੱਖੋਂ ਇਹ ਮਾਮਲੇ ਸਕੂਲ ਦੀਆਂ ਕਦਰਾਂ ਕੀਮਤਾਂ ਨਾਲ ਮੇਲ ਨਹੀਂ ਖਾਂਦੇ ਤੇ ਨਾ ਹੀ ਸਾਡੇ ਵਿਦਿਆਰਥੀਆਂ ਦੀ ਸਿਹਤ ਲਈ ਹੀ ਠੀਕ ਹਨ। ਇਸ ਤਰ੍ਹਾਂ ਦਾ ਵਿਵਹਾਰ ਸਕੂਲ ਵਿੱਚ ਕਿਸੇ ਵੀ ਹਾਲ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਸਕੂਲ ਨੇ ਆਖਿਆ ਕਿ ਇਨ੍ਹਾਂ ਦੋਵਾਂ ਮਾਮਲਿਆਂ ਬਾਰੇ ਉਨ੍ਹਾਂ ਨੂੰ ਸੋਮਵਾਰ ਨੂੰ ਪਤਾ ਲੱਗਿਆ ਤੇ ਉਨ੍ਹਾਂ ਪੁਲਿਸ ਨੂੰ ਜਾਣਕਾਰੀ ਦੇਣ ਦੇ ਨਾਲ ਨਾਲ ਸਬੰਧਤ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਮਿਲ ਕੇ ਆਪਣੀ ਪੱਧਰ ਉੱਤੇ ਜਾਂਚ ਵੀ ਸ਼ੁਰੂ ਕਰ ਦਿੱਤੀ। ਆਪਣੀ ਵੈੱਬਸਾਈਟ ਉੱਤੇ ਪੋਸਟ ਬਿਆਨ ਵਿੱਚ ਸਕੂਲ ਨੇ ਆਖਿਆ ਕਿ ਇਸ ਸਬੰਧ ਵਿੱਚ ਤੇਜ਼ੀ ਨਾਲ ਅਨੁਸ਼ਾਸਕੀ ਕਾਰਵਾਈ ਕੀਤੀ ਗਈ ਤੇ ਵਿਦਿਆਰਥੀਆਂ ਨੂੰ ਕੱਢ ਦਿੱਤਾ ਗਿਆ।

# ਟਰੰਪ ਨੇ ਪਤਨੀ ਦੇ ਦਾਬੇ ਹੇਠ ਮਹਿਲਾ ਅਫਸਰ ਨੂੰ ਬਾਹਰਲਾ ਰਾਹ ਦਿਖਾਇਆ



ਵਾਸ਼ਿੰਗਟਨ, 15 ਨਵੰਬਰ, (ਪੋਸਟ ਬਿਊਰੋ)- ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਉਪ ਰਾਸ਼ਟਰੀ ਸੁਰੱਖਿਆ ਸਲਾਹਕਾਰ ਮੀਰਾ ਰਿਕਾਰਡੇਲ ਨੂੰ ਵ੍ਹਾਈਟ ਹਾਊਸ ਤੋਂ ਬਾਹਰਲਾ ਰਾਹ ਦਿਖਾ ਦਿੱਤਾ ਗਿਆ। ਇਕ ਦਿਨ ਪਹਿਲਾਂ ਅਮਰੀਕਾ ਦੀ ਫਸਟ ਲੇਡੀ ਮੇਲਾਨੀਆ ਟਰੰਪ ਨੇ ਮੀਰਾ ਨੂੰ ਕੱਢਣ ਦੀ ਮੰਗ ਕੀਤੀ ਸੀ।

ਵਰਨਣ ਯੋਗ ਹੈ ਕਿ ਮੰਗਲਵਾਰ ਨੂੰ ਮੇਲਾਨੀਆ ਟਰੰਪ ਵੱਲੋਂ ਉਸ ਦੀ ਬੁਲਾਰਾ ਸਟੇਫਨੀ ਗ੍ਰੀਸ਼ਮ ਨੇ ਬਿਆਨ ਦਿੱਤਾ ਸੀ ਕਿ ਫਸਟ ਲੇਡੀ ਦੇ ਦਫਤਰ ਦੀ ਸੋਚ ਹੈ ਕਿ ਉਪ ਰਾਸ਼ਟਰੀ ਸੁਰੱਖਿਆ ਸਲਾਹਕਾਰ ਮੀਰਾ ਰਿਕਾਰਡੇਲ ਅੱਗੇ ਵ੍ਹਾਈਟ ਹਾਊਸ ਵਿੱਚ ਕੰਮ ਕਰਨ ਦਾ ਸਨਮਾਨ ਪਾਉਣ ਦੇ ਯੋਗ ਨਹੀਂ ਹੈ। ਅਮਰੀਕੀ ਰਾਸ਼ਟਰਪਤੀ ਦੀ ਬੁਲਾਰਾ ਸਾਰਾ ਸੈਂਡਰਸ ਨੇ ਇਸ ਤੋਂ ਉਲਟ ਬਿਆਨ ਵਿੱਚ ਕਿਹਾ ਕਿ ਮੀਰਾ ਰਿਕਾਰਡੇਲ ਰਾਸ਼ਟਰਪਤੀ ਨਾਲ ਕੰਮ ਕਰਦੀ ਰਹੇਗੀ, ਪਰ ਉਹ ਪ੍ਰਸ਼ਾਸਨ ਵਿੱਚ ਨਵੀਂ ਭੂਮਿਕਾ ਲਈ ਵ੍ਹਾਈਟ ਹਾਊਸ ਛੱਡ ਰਹੀ ਹੈ। ਸੈਂਡਰਸ ਨੇ ਕਿਹਾ ਕਿ ਰਾਸ਼ਟਰਪਤੀ ਅਮਰੀਕਾ ਦੇ ਲੋਕਾਂ ਲਈ ਰਿਕਾਰਡੇਲ ਦੀ ਨਿਰੰਤਰ ਸੇਵਾ ਅਤੇ ਉਨ੍ਹਾਂ ਦੀ ਕੌਮੀ ਸੁਰੱਖਿਆ ਨੂੰ ਪਹਿਲ ਬਣਾਏ ਰੱਖਣ ਲਈ ਉਸ ਦਾ ਧੰਨਵਾਦ ਕਰਦੇ ਹਨ। ਮੀਰਾ ਦਾ ਪਿਛਲੇ ਮਹੀਨੇ ਅਫਰੀਕੀ ਦੌਰੇ ਵੇਲੇ ਫਸਟ ਲੇਡੀ ਨਾਲ ਕੁਝ ਵਿਵਾਦ ਹੋ ਗਿਆ ਸੀ। ਮਿੱਡ ਟਰਮ ਚੋਣਾਂ ਤੋਂ ਬਾਅਦ ਰਾਸ਼ਟਰਪਤੀ ਟਰੰਪ ਵੱਲੋਂ ਕੀਤੀ ਗਈ ਇਹ ਪਹਿਲੀ ਬਦਲੀ ਹੈ। ਉਹ ਅਗੇ ਕੁਝ ਦਿਨਾਂ ਵਿੱਚ ਆਪਣੇ ਪ੍ਰਸ਼ਾਸਨ 'ਚ ਕੁਝ ਵੱਡੇ ਬਦਲਾਅ ਕਰਨ ਬਾਰੇ ਵੀ ਸੋਚ ਰਹੇ ਹਨ।

# ਚੀਫ ਸੈਕਟਰੀ ਕੁੱਟਮਾਰ ਕੇਸ ਵਿੱਚ ਹਾਈ ਕੋਰਟ ਨੇ ਆਪ ਪਾਰਟੀ ਨੂੰ ਨੋਟਿਸ ਕੱਢਿਆ

ਨਵੀਂ ਦਿੱਲੀ, 15 ਨਵੰਬਰ (ਪੋਸਟ ਬਿਊਰੋ)- ਦਿੱਲੀ ਦੇ ਚੀਫ ਸੈਕਟਰੀ ਅੰਸ਼ੂ ਪ੍ਰਕਾਸ਼ ਦੀ ਕੁੱਟਮਾਰ ਦੇ ਕੇਸ 'ਚ ਦਿੱਲੀ ਦੇ ਮੁਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਮੁਸ਼ਕਲਾਂ ਘੱਟ ਹੁੰਦੀਆਂ ਦਿਖਾਈ ਨਹੀਂ ਦੇ ਰਹੀਆਂ।

ਮਿਲੀ ਜਾਣਕਾਰੀ ਅਨੁਸਾਰ ਚੀਫ ਸੈਕਟਰੀ ਅੰਸ਼ੂ ਪ੍ਰਕਾਸ਼ ਵੱਲੋਂ ਆਪਣੇ ਖਿਲਾਫ ਵਿਸ਼ੇਸ਼ ਅਧਿਕਾਰਾਂ ਦੇ ਉਲੰਘਣ ਦੀ ਕਾਰਵਾਈ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ ਉੱਤੇ ਅੱਜ ਬੁੱਧਵਾਰ ਨੂੰ ਦਿੱਲੀ ਹਾਈ ਕੋਰਟ ਨੇ ਕੇਂਦਰ, ਆਪ ਪਾਰਟੀ ਦੀ ਦਿੱਲੀ ਸਰਕਾਰ ਅਤੇ ਦਿੱਲੀ ਵਿਧਾਨ ਸਭਾ ਦੇ ਦਫਤਰ ਤੋਂ ਜਵਾਬ ਮੰਗਿਆ ਹੈ। ਵਿਧਾਨ ਸਭਾ ਦੀ ਸਵਾਲ ਅਤੇ ਸੰਦਰਭ ਕਮੇਟੀ ਅਤੇ ਪ੍ਰੋਟੋਕਾਲ ਕਮੇਟੀ ਨੇ ਸ਼ਿਕਾਇਤਾਂ ਦੇ ਆਧਾਰ ਉੱਤੇ ਸਦਨ ਦੀ ਵਿਸ਼ੇਸ਼ ਅਧਿਕਾਰ ਕਮੇਟੀ ਨੇ ਅੰਸ਼ੂ ਪ੍ਰਕਾਸ਼ ਦੇ ਖਿਲਾਫ ਕਾਰਵਾਈ ਸ਼ੁਰੂ ਕੀਤੀ ਹੈ। ਜਸਟਿਸ ਵਿਭੂ ਬਖਰੂ ਦੀ ਬੈਂਚ ਨੇ ਵਿਸ਼ੇਸ਼ ਅਧਿਕਾਰਾਂ ਦੇ ਉਲੰਘਣ ਵਾਲੀ ਕਾਰਵਾਈ ਰੱਦ ਕਰਨ ਲਈ ਅੰਸ਼ੂ ਪ੍ਰਕਾਸ਼ ਦੀ ਪਟੀਸ਼ਨ 'ਤੇ ਨੋਟਿਸ ਜਾਰੀ ਕੀਤੇ ਹਨ। ਇਸ ਪਟੀਸ਼ਨ ਵਿੱਚ ਅੰਸ਼ੂ ਪ੍ਰਕਾਸ਼ ਨੇ ਵਿਧਾਨ ਸਭਾ ਦੀ ਕਮੇਟੀ ਸਾਹਮਣੇ ਪੇਸ਼ ਨਾ ਹੋਣ ਖਿਲਾਫ ਸ਼ੁਰੂ ਕੀਤੀ ਵਿਸ਼ੇਸ਼ ਅਧਿਕਾਰ ਕਾਰਵਾਈ ਨੂੰ ਚੁਣੌਤੀ ਦਿੱਤੀ ਹੈ।

ਵਰਨਣ ਯੋਗ ਹੈ ਕਿ 19 ਫਰਵਰੀ ਦੀ ਦੇਰ ਅੰਸ਼ੂ ਪ੍ਰਕਾਸ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੇ ਘਰ ਇਕ ਬੈਠਕ 'ਚ ਸ਼ਾਮਲ ਹੋਣ ਆਏ ਤਾਂ ਓਥੇ ਕਿਸੇ ਗੱਲ ਬਾਰੇ ਵਿਧਾਇਕਾਂ ਨੇ ਚੀਫ ਸੈਕਟਰੀ ਉੱਤੇ ਹਮਲਾ ਕਰ ਦਿੱਤਾ ਸੀ, ਜਿਸ ਵਿੱਚ ਉਨ੍ਹਾਂ ਨੂੰ ਗੰਭੀਰ ਸੱਟਾਂ ਲੱਗੀਆਂ ਸਨ। ਆਪ ਪਾਰਟੀ ਦੇ ਸਾਬਕਾ ਵਿਧਾਇਕ ਸੰਜੀਵ ਝਾਅ ਨੇ ਸਾਰੇ ਦੋਸ਼ਾਂ ਨੂੰ ਗਲਤ ਦੱਸ ਕੇ ਕਿਹਾ ਸੀ ਕਿ ਤਿੰਨ ਮਿੰਟ ਦੀ ਮੀਟਿੰਗ 'ਚ ਕਿਵੇਂ ਉਨ੍ਹਾਂ 'ਤੇ ਹਮਲਾ ਹੋ ਸਕਦਾ ਹੈ। ਝਾਅ ਨੇ ਕਿਹਾ ਕਿ ਰਾਸ਼ਨ ਦੇ ਮੁੱਦੇ 'ਤੇ ਚਰਚਾ ਹੋ ਰਹੀ ਸੀ, ਪਰ ਅੰਸ਼ੂ ਪ੍ਰਕਾਸ਼ ਨੇ ਮੀਟਿੰਗ ਦੌਰਾਨ ਕਿਹਾ ਸੀ ਕਿ ਉਹ ਉਨ੍ਹਾਂ ਦੇ ਪ੍ਰਤੀ ਜਵਾਬ ਦੇਹ ਨਹੀਂ।


COLUMBUS TRUCK WASH
Open 7 Days
A/Z Drivers Needed
For Local Work (Busy All 7 Days a Week)
6771 COLUMBUS RD, UNIT #12
MISSISSAUGA ON (Near Dixie Gurughar) | 905-672-1635

A1 HERBAL Ayurvedic Clinic
ਡਿਸਕ, ਮੋਚ, ਚੁੱਕ, ਧਰਨ, ਰੀਹ
● ਗਰਦਨ ਦਰਦ ● ਸਿਰਦਰਦ ● ਕਮਰ ਦਰਦ
● ਡਿਸਕ ਦਾ ਦਰਦ ● ਤੁਰਨ ਵੇਲੇ ਲੱਤਾਂ ਵਿੱਚ ਦਰਦ
● ਗੋਡਿਆਂ ਵਿੱਚ ਦਰਦ ਜਾਂ ਸੋਜ ● ਪੱਸਲੀਆਂ ਦਾ ਦਰਦ
● ਅੱਡੀਆਂ ਦਾ ਦਰਦ ● ਉੱਠ ਬੈਠ ਨਾ ਸਕਣਾ
ਗੱਠੀਆ ਦਾ ਪੱਕਾ ਹਰਬਲ ਇਲਾਜ
ਅਸੀਂ ਆਯੁਰਵੇਦਿਕ ਥੈਰਪੀ ਵੀ ਕਰਦੇ ਹਾਂ
ਜਿਵੇਂ ਸ਼ਿਰੋਧਾਰਾ, ਨੱਸਿਆ, ਨੇਤਰਵਸਤੀ
ਅਸੀਂ ਥੈਰਪੀ ਵਾਸਤੇ ਹਰ ਇੰਸ਼ੋਰੈਂਸ ਕੰਪਨੀਆਂ ਨਾਲ ਡੀਲ ਕਰਦੇ ਹਾਂ
Herbalist G. Rubal RNCP
ਇੱਕ ਵਾਰ ਸੇਵਾ ਦਾ ਮੌਕਾ ਜਰੂਰ ਦਿਓ
www.A1HERBAL.ca
Ph# 905-874 -3333
351 Parkhurst Sq, unit 11, Brampton ON L6T 0C2
Across from 747 Flea Market (Airport Rd & Steels Ave.)
Custom Orthotics ਲੈ ਸਕਦੇ ਹੋ

REXDALE FINANCIAL SERVICES
WE HELP YOU START GROW AND SUCCEED
Call now 416-674-8035
Tired pf Paying High Interest ?
PAY OFF YOUR DEBITS
BANKS SAY NO? WE SAY YES !
Increase Your Cash Flow by Upto 50%
YOU NEED A MORTGAGE ? WE'LL ARRANGE IT FOR YOU NO MATTER WHAT YOUR REASON IS !
Take advantage of the low mortgage rates that are being offered & save thousand of dollars
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
BEHIND ON YOUR MORTGAGE PAYMENTS ?
SHOPPING FOR A BETTER INTEREST RATE?
MORTGAGES SUITABLE FOR EVERY NEED !
1st, 2nd and 3rd Mortgages Available !
ALL IN ONE LOW MONTHLY PAYMENT !
Do You Want To?
• Pay Off All Your Credit Cards/Loans At Once
• Consolidate Your 1st & 2nd Mortgages
• Finance Those Renovations That Your Family Always Wants
• Renew Your Mortgage For Lower Rates
SELF-EMPLOYED OR UN-EMPLOYED
Some Conditions Apply
NO CREDIT ANY CREDIT
Om Mehta # M08006224 416-791-8193
Jaspal Singh Gahunia # M08006400 416-677-0047
The Mortgage Centre
19 Woodbine Downs Blvd., Unit 201, Etobicoke, ON M9W 6N5

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
ਲਿਵਰ ਸਰੋਇਸਿਸ ਫੈਟੀ ਲਿਵਰ
ਹੈਪਾਟਾਇਟਸ A, B &C ਪੀਲੀਆ
ਡਿਪਰੈਸ਼ਨ ਦਾ ਸ਼ਰਤੀਆ ਇਲਾਜ਼
Symptoms: ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety, Self Confidence ਨਹੀਂ ਰਹਿਣਾ, ਮੰਨ ਉਦਾਸ ਰਹਿਣਾ, ਚੇਤਾ ਭੁੱਲਣਾ ਆਦਿ ਤਕਲੀਫਾਂ ਦਾ ਇਲਾਜ ਹੈ।
ਅਡੀਆਂ ਦੀਆਂ ਹਡੀਆਂ ਵੱਧ ਜਾਣਾ ਅਤੇ ਦਰਦ ਦਾ ਪਕਾ ਇਲਾਜ
ਆਪਣੀ ਚਿਹਰੇ ਦੀ ਖੂਬਸੂਰਤੀ ਨੂੰ ਵਧਾਓ
ਫੇਸ ਤੇ ਫਿੰਸੀਆਂ, ਫੌੜੀਆ ਤੇ ਔਰਤਾਂ ਦੀਆਂ ਯੂਟਰਸ ਦੀਆਂ ਰਸੌਲੀਆਂ ਜ਼ਿੱਦੀ ਸ਼ਾਈਆਂ ਵਰਗੀ ਬਿਮਾਰੀ ਤੋਂ ਛੁਟਕਾਰਾ ਪਾਓ।
ਹਾਈ ਬੀ-ਪੀ, ਕੋਲੈਸਟਰੋਲ, ਹਾਰਟ ਪਰੋਬਲਮ, ਆਰਟਰੀ ਦੀ ਬਲੋਕੇਜ, ਮਹਾਵਾਰੀ ਤੇ ਬਾਇਪਾਸ ਸਰਜਰੀ ਤੋ ਬਚਾਉ ਦਾ ਪਕਾ ਇਲਾਜ।
ਬਚਿਆਂ ਤੇ ਵਡਿਆਂ ਦੀ ਪਿਸ਼ਾਬ ਸੰਬੰਧੀ ਬਿਮਾਰੀਆਂ ਦਾ ਵੀ ਇਲਾਜ
ਬਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਆਦਿ ਲਈ ਸੰਪਕਰ ਕਰੋ
ਜੇਕਰ ਤੁਸੀਂ Stunt ਜਾਂ ਬਾਈ ਪਾਸ ਸਰਜਰੀ ਤੋਂ ਬੱਚਣਾ ਚਾਹੁੰਦੇ ਹੋ ਤਾਂ ਅੱਜ ਹੀ ਸਾਨੂੰ ਸੰਪਰਕ ਕਰੋ।
ਸਰਜਰੀ ਅਤੇ Stunt ਤੋਂ ਬੱਚਣ ਲਈ ਸਾਡੇ ਕੋਲ ਤੱਸਲੀਬੱਖਸ਼ ਇਲਾਹ ਹੈ। No side effects.
ਸੀਜ਼ਨਲ ਅਤੇ ਹਰ ਤਰ੍ਹਾਂ ਦੀ ਐਲਰਜੀ
ਅਖਾਂ ਲਾਲ, ਨਕ ਵਧਣਾ, ਖਾਜ ਹੋਣੀ ਫੁਲਾਂ ਤੋਂ ਅਤੇ ਘਾਹ ਤੋ ਅਲਰਜੀ, Sinus, Headache, running nose, sneezing ਆਦਿ ਤਕਲੀਫਾਂ ਦਾ ਵੀ ਜੜੋਂ ਇਲਾਜ ਹੈ।
NO SIDE EFFECTS
ਵਧੇਰੀ ਜਾਣਕਾਰੀ ਲਈ ਕਾਲ ਕਰੋ: 647-643-7593

UK Truck Training Centre
Ministry Approved Private Carrier College
○ Automatic & Manual Trucks
• 1 on 1 Training
○ Forklift Training
Forklift $79 Recertification
Counterbalance
Reach Truck
"We Provide Training For Forklift & Trucks"
17 ਸਾਲਾਂ ਦਾ ਤਜ਼ਰਬਾ | ਸਤੇ ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
Kuldip Singh Grewal 647.894.8590
7542 Bath Rd, Mississauga, ON L4T 1L2
Off:905.673.7979

SherGill Law Firm
Barrister, Solicitor & Notary Public
Services:
● Real Estate
● Residential, Commercial, Franchise
● Criminal Law
● Family Law
● Affidavit, Power Of Attorney & Notarization
● Immigration Matters
Paramjit Singh Gill (MBA,LL.B.)
Phone : 905-790-3636
Emergency Contact: 416.910.5676
www.shergilllawfirm.ca
2565 Steeles Ave E Unit #20, Brampton, ON L6T 4L6

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
LAST MINUTE DEALS AVAILABLE
GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4

# ਸਿੱਖ ਕਤਲੇਆਮ ਕੇਸ ਦੇ ਦੋਸ਼ੀਆਂ ਨੂੰ ਕੋਰਟ ਕੰਪਲੈਕਸ ਦੇ ਮੂਹਰੇ ਥੱਪੜ

ਨਵੀਂ ਦਿੱਲੀ, 15 ਨਵੰਬਰ, (ਪੋਸਟ ਬਿਊਰੋ)- ਦਿੱਲੀ ਦੀ ਪਟਿਆਲਾ ਹਾਊਸ ਕੋਰਟ ਨੇ 1984 ਦੇ ਸਿੱਖ ਵਿਰੋਧੀ ਕਤਲਾਂ ਦੇ ਇਕ ਕੇਸ ਦੇ ਦੋਸ਼ੀਆਂ ਨਰੇਸ਼ ਸਹਿਰਾਵਤ ਅਤੇ ਯਸ਼ਪਾਲ ਦੀ ਸਜ਼ਾ ’ਤੇ ਫੈਸਲਾ ਦੇਣਾ ਸੀ, ਪਰ ਇਹ ਫੈਸਲਾ ਰਾਖਵਾਂ ਰੱਖ ਲਿਆ ਗਿਆ ਹੈ। ਇਸ ਕੇਸ ਦੀ ਸੁਣਵਾਈ ਦੇ ਬਾਅਦ ਕੋਰਟ ਕੰਪਲੈਕਸ ਮੂਹਰੇ ਦੋਵਾਂ ਦੋਸ਼ੀਆਂ ਨਾਲ ਕੁਝ ਲੋਕਾਂ ਦੀ ਹੱਥੋ-ਪਾਈ ਹੋ ਗਈ। ਅਕਾਲੀ ਨੇਤਾ ਤੇ ਭਾਜਪਾ ਵਿਧਾਇਕ ਮਨਜਿੰਦਰ ਸਿੰਘ ਸਿਰਸਾ ਵਲੋਂ ਦੋਸ਼ੀਆਂ ਉੱਤੇ ਹਮਲਾ ਕੀਤਾ ਦੱਸਿਆ ਗਿਆ ਹੈ। ਬਾਅਦ ਵਿੱਚ ਪੁਲਸ ਨੇ ਸਥਿਤੀ ਨੂੰ ਸੰਭਾਲ ਲਿਆ।



ਵਰਨਣ ਯੋਗ ਹੈ ਕਿ ਦੱਖਣੀ ਦਿੱਲੀ ਦੇ ਮਹੀਪਾਲਪੁਰ ਪਿੰਡ ਵਿੱਚ ਇੱਥੇ ਰਹਿੰਦੇ ਹਰਦੇਵ ਸਿੰਘ ਤੇ ਅਵਤਾਰ ਸਿੰਘ ਦੇ 1 ਨਵੰਬਰ 1984 ਨੂੰ ਹੋਏ ਕਤਲ ਦੇ ਕੇਸ ਵਿਚ ਨਰੇਸ਼ ਸਹਿਰਾਵਤ ਤੇ ਯਸ਼ਪਾਲ ਸਿੰਘ ਨੂੰ ਅਦਾਲਤ ਨੇ ਦੋਸ਼ੀ ਕਰਾਰ ਦਿੱਤਾ ਹੈ। ਮ੍ਰਿਤਕ ਹਰਦੇਵ ਸਿੰਘ ਦੇ ਭਰਾ ਸੰਤੋਸ਼ ਸਿੰਘ ਦੀ ਸ਼ਿਕਾਇਤ ’ਤੇ ਇਹ ਕੇਸ ਦਰਜ ਹੋਇਆ ਸੀ। ਲੱਗਭਗ 34 ਸਾਲ ਪਿੱਛੋਂ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਦੀ ਜਾਂਚ ਉੱਤੇ ਦੋਵਾਂ ਜਣਿਆਂ ਨੂੰ ਦੋਸ਼ੀ ਮੰਨਿਆ ਗਿਆ ਸੀ। ਪਹਿਲਾਂ ਦਿੱਲੀ ਪੁਲਸ ਨੇ ਸਬੂਤਾਂ ਦੀ ਘਾਟ ਕਹਿ ਕੇ ਇਹ ਕੇਸ 1994 ’ਚ ਬੰਦ ਕਰ ਦਿੱਤਾ ਸੀ, ਪਰ ਪਿੱਛੋਂ ਵਿਸ਼ੇਸ਼ ਜਾਂਚ ਟੀਮ ਨੇ ਨਵੀਂ ਜਾਂਚ ਵਿੱਚ ਸਿਰੇ ਲਾਇਆ। ਵਿਸ਼ੇਸ਼ ਜਾਂਚ ਟੀਮ ਨੇ ਪਟਿਆਲਾ ਹਾਊਸ ਕੋਰਟ ਵੱਲੋਂ ਦੋਸ਼ੀ ਕਰਾਰ ਦਿੱਤੇ ਯਸ਼ਪਾਲ ਸਿੰਘ ਅਤੇ ਨਰੇਸ਼ ਸਹਿਰਾਵਤ ਨੂੰ ਫ਼ਾਂਸੀ ਦੀ ਸਜ਼ਾ ਦੀ ਮੰਗ ਕੀਤੀ ਤੇ ਕਿਹਾ ਕਿ ਇਹ ਇਕ ਖਾਸ ਫ਼ਿਰਕੇ ਦੀ ਨਸਲਕੁਸ਼ੀ ਦੇ ਇਰਾਦੇ ਨਾਲ ਕੀਤੇ ਕਤਲ ਸਨ ਤੇ ਵਿਰਲਿਆਂ ਵਿੱਚੋਂ ਵਿਰਲਾ ਕੇਸ ਹੈ, ਜਿਸ ਲਈ ਮੌਤ ਦੀ ਸਜ਼ਾ ਬਣਦੀ ਹੈ। ਕੋਰਟ ਨੇ ਦੋਵਾਂ ਦੋਸ਼ੀਆਂ ਦੀ ਸਜ਼ਾ ’ਤੇ ਫੈਸਲਾ ਰਾਖਵਾਂ ਰੱਖ ਲਿਆ ਹੈ। 20 ਨਵੰਬਰ ਨੂੰ ਉਨ੍ਹਾਂ ਨੂੰ ਸਜ਼ਾ ਸੁਣਾਈ ਜਾਵੇਗੀ।

ਇਸ ਦੌਰਾਨ ਅੱਜ ਅਦਾਲਤੀ ਕੰਪਲੈਕਸ ਮੂਹਰੇ ਦੋਸ਼ੀ ਯਸ਼ਪਾਲ ਸਿੰਘ ਨੂੰ ਭਾਜਪਾ ਵਿਧਾਇਕ ਅਤੇ ਦਿੱਲੀ ਸਿੱਖ ਗੁਰਦੁਆਰਾ ਕਮੇਟੀ ਦੇ ਜਨਰਲ ਸਕੱਤਰ ਮਨਜਿੰਦਰ ਸਿੰਘ ਸਿਰਸਾ ਨੇ ਥੱਪੜ ਮਾਰ ਦਿੱਤਾ। ਫਿਰ ਪੁਲੀਸ ਨੇ ਮਨਜਿੰਦਰ ਸਿੰਘ ਸਿਰਸਾ ਤੇ ਉਨ੍ਹਾਂ ਦੇ ਸਮੱਰਥਕਾਂ ਤੇ ਦੂਸਰੇ ਪਾਸੇ ਮੁਜਰਮਾਂ ਨੂੰ ਵੱਖ ਕੀਤਾ। ਥੱਪੜ ਮਾਰਨ ਵਾਲੇ ਭਾਜਪਾ ਵਿਧਾਇਕ ਤੇ ਦਿੱਲੀ ਕਮੇਟੀ ਦੇ ਜਨਰਲ ਸਕੱਤਰ ਮਨਜਿੰਦਰ ਸਿੰਘ ਸਿਰਸਾ ਨੇ ਕਿਹਾ ਕਿ 34 ਸਾਲ ਦਾ ਗੁੱਸਾ ਨਿਕਲਿਆ ਹੈ। ਇਸ ਦੇ ਬਾਅਦ ਮਨਜਿੰਦਰ ਸਿੰਘ ਸਿਰਸਾ ਨੇ ਅਦਾਲਤੀ ਕੰਪਲੈਕਸ ਵਿੱਚ ਸਿੱਖਾਂ ਦੇ ਵਿਰੁੱਧ ਮੰਦੀ ਭਾਸ਼ਾ ਵਰਤਣ ਅਤੇ ਉਨ੍ਹਾਂ ਨੂੰ ਧਮਕੀ ਦੇਣ ਵਾਲੇ ਅਣਪਛਾਤਿਆਂ ਖ਼ਿਲਾਫ਼ ਤਿਲਕ ਮਾਰਗ ਥਾਣੇ ਵਿੱਚ ਸ਼ਿਕਾਇਤ ਦਰਜ ਕਰਵਾਈ ਹੈ।

## ਅਮਰੀਕੀ ਐੱਮ ਪੀਜ਼ ਨੇ ਕਿਹਾ: ਜੰਗ ਲੱਗੀ ਤਾਂ ਚੀਨ ਤੇ ਰੂਸ ਕੋਲੋਂ ਹਾਰ ਸਕਦੈ ਅਮਰੀਕਾ

ਵਾਸ਼ਿੰਗਟਨ, 15 ਨਵੰਬਰ, (ਪੋਸਟ ਬਿਊਰੋ)- ਅਮਰੀਕਾ ਦੇ ਇਕ ਪਾਰਲੀਮੈਂਟਰੀ ਕਮਿਸ਼ਨ ਨੇ ਚੌਕਸ ਕੀਤਾ ਹੈ ਕਿ ਉਨ੍ਹਾਂ ਦਾ ਦੇਸ਼ ਕੌਮੀ ਸੁਰੱਖਿਆ ਤੇ ਫ਼ੌਜੀ ਮੋਰਚੇ ਉੱਤੇ ਸੰਕਟ ਦਾ ਸਾਹਮਣਾ ਕਰ ਰਿਹਾ ਹੈ। ਇਸ ਸਥਿਤੀ ਵਿੱਚ ਜੰਗ ਹੋਈ ਤਾਂ ਰੂਸ ਜਾਂ ਚੀਨ ਦੇ ਹੱਥੋਂ ਅਮਰੀਕਾ ਨੂੰ ਹਾਰਨਾ ਵੀ ਪੈ ਸਕਦਾ ਹੈ।

ਅਸਲ ਵਿੱਚ ਅਮਰੀਕੀ ਕਾਂਗਰਸ (ਪਾਰਲੀਮੈਂਟ) ਨੇ ਕੌਮੀ ਰੱਖਿਆ ਰਣਨੀਤੀ ਕਮਿਸ਼ਨ ਨੂੰ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਕੌਮੀ ਰੱਖਿਆ ਰਣਨੀਤੀ (ਐੱਨ ਡੀ ਐੱਸ) ਦੀ ਘੋਖ ਲਈ ਕਿਹਾ ਸੀ। ਕਮਿਸ਼ਨ ਨੇ ਦੇਖਿਆ ਕਿ ਅਮਰੀਕੀ ਫ਼ੌਜ ਨਾ ਸਿਰਫ਼ ਰੱਖਿਆ ਬਜਟ ਵਿੱਚ ਕਟੌਤੀ ਨੂੰ ਭੁਗਤ ਰਹੀ ਹੈ, ਸਗੋਂ ਚੀਨ ਤੇ ਰੂਸ ਵਰਗੇ ਦੇਸ਼ਾਂ ਦੇ ਮੁਕਾਬਲੇ ਫ਼ੌਜੀ ਬੜ੍ਹਤ ਵਿੱਚ ਕਮੀ ਹੈ। ਇਹ ਦੋਵੇਂ ਦੇਸ਼ ਅਮਰੀਕੀ ਹਸਤੀ ਨੂੰ ਬੇਅਸਰ ਕਰ ਰਹੇ ਹਨ। ਇਕ ਦਰਜਨ ਸਾਬਕਾ ਡੈਮੋਕਰੇਟਿਕ ਅਤੇ ਰਿਪਬਲਿਕਨ ਮੈਂਬਰਾਂ ਵੱਲੋਂ ਚਲਾਏ ਜਾਂਦੇ ਇਸ ਕਮਿਸ਼ਨ ਨੇ ਬੁੱਧਵਾਰ ਆਪਣੀ ਰਿਪੋਰਟ ਵਿੱਚ ਕਿਹਾ ਕਿ ਅਮਰੀਕਾ ਦੀ ਫ਼ੌਜੀ ਤਾਕਤ ਦੀ ਕਮੀ ਖ਼ਤਰਨਾਕ ਪੱਧਰ ’ਤੇ ਜਾ ਚੁੱਕੀ ਹੈ। ਰਿਪੋਰਟ ਮੁਤਾਬਕ ਇਸ ਸਦੀ ਵਿੱਚ ਅਮਰੀਕਾ ਨੇ ਅੱਤਵਾਦ ਵਿਰੋਧੀ ਮੁਹਿੰਮਾਂ ’ਤੇ ਧਿਆਨ ਵੱਧ ਕੇਂਦਰਤ ਕੀਤਾ ਤੇ ਇਸ ਦਾ ਸਿੱਟਾ ਜੰਗੀ ਤਿਆਰੀ ਦੇ ਦੂਜੇ ਪੱਖਾਂ, ਯਾਨੀ ਮਿਜ਼ਾਈਲ ਡਿਫੈਂਸ ਸਿਸਟਮ, ਸਾਈਬਰ, ਸਪੇਸ ਅਤੇ ਪਣਡੁੱਬੀ ਰੋਕੂ ਸਿਸਟਮ ਵਿੱਚ ਗਿਰਾਵਟ ਦੇ ਰੂਪ ’ਚ ਸਾਹਮਣੇ ਆ ਰਿਹਾ ਹੈ। ਤਾਕਤਵਰ ਦੁਸ਼ਮਣਾਂ (ਚੀਨ ਤੇ ਰੂਸ) ਦੇ ਖ਼ਿਲਾਫ਼ ਫ਼ੌਜੀ ਮੁਹਿੰਮਾਂ ਦੀ ਤਿਆਰੀ ਲਈ ਕਈ ਚੀਜ਼ਾਂ ਦੀ ਲੋੜ ਹੈ। ਕਮਿਸ਼ਨ ਨੇ ਉਂਜ ਇਹ ਵੀ ਕਿਹਾ ਹੈ ਕਿ ਰੱਖਿਆ ਮੰਤਰਾਲਾ ਪੈਂਟਾਗਨ ਸਹੀ ਦਿਸ਼ਾ ਵਿੱਚ ਜਾ ਰਿਹਾ ਹੈ। ਕਮਿਸ਼ਨ ਦੇ ਮੁਤਾਬਕ ਏਸ਼ੀਆ ਤੇ ਯੂਰਪ ਵਿੱਚ ਅਮਰੀਕੀ ਪ੍ਰਭਾਵ ਤੇਜ਼ੀ ਨਾਲ ਘਟ ਰਿਹਾ ਤੇ ਫ਼ੌਜੀ ਬੈਲੈਂਸ ਬਦਲਣ ਨਾਲ ਸੰਘਰਸ਼ ਦਾ ਖ਼ਤਰਾ ਵਧ ਗਿਆ ਹੈ। ਅਮਰੀਕੀ ਫ਼ੌਜ ਨੂੰ ਅਗਲੇ ਸੰਘਰਸ਼ ਵਿੱਚ ਅਣਕਿਆਸੇ ਰੂਪ ਵਿੱਚ ਜਾਨ-ਮਾਲ ਦਾ ਭਾਰੀ ਨੁਕਸਾਨ ਭੁਗਤਣਾ ਕਰਨਾ ਜਾਂ ਏਦਾਂ ਦੀ ਜੰਗ ਵਿੱਚ ਜੂਝਣਾ ਤੇ ਸ਼ਾਇਦ ਚੀਨ ਜਾਂ ਰੂਸ ਨਾਲ ਜੰਗ ਵਿੱਚ ਹਾਰ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

## ਗੁਰਦਵਾਰਾ ਸਿੱਖ ਹੈਰੀਟੇਜ ਵਿਚ 750 ਪੈਸ਼ਨਰਾਂ ਨੂੰ ਲਾਈਫ ਸਰਟੀਫਿਕੇਟ ਜਾਰੀ

ਬਰੈਂਪਟਨ: (ਅਜੀਤ ਬਾਵਾ) ਬੀਤੇ 10 ਨਵੰਬਰ, 2018 ਨੂੰ ਸਨਿਚਰਵਾਰ ਵਾਲੇ ਦਿਨ ਗੁਰਦਵਾਰਾ ਸਿੱਖ ਹੈਰੀਟੇਜ ਸੈਂਟਰ 11796 ਏਅਰਪੋਰਟ ਰੋਡ ਵਿਖੇ ਗੁਰ-ਦਵਾਰਾ ਪ੍ਰਬੰਧਕ ਕਮੇਟੀ ਦੇ ਉਪਰਾਲੇ ਨਾਲ ਪੈਸ਼ਨਰ ਲਾਭਕਾਰੀਆਂ ਲਈ ਲਾਈਫ ਸਰਟੀਫਿਕੇਟਸ ਦੇਣ ਦਾ ਪ੍ਰਬੰਧ ਗੁਰਦਵਾਰਾ ਕਮੇਟੀ ਦੇ ਉਪਰਾਲੇ ਨਾਲ ਕੀਤਾ ਗਿਆ। ਇਹ ਮੌਕੇ ਕੌਂਸਲੇਟ ਜਨਰਲ ਕੈਨੇਡਾ ਟਰਾਂਟੋ ਨੇ 750 ਪੈਸ਼ਨਰਾਂ ਨੂੰ ਲਾਈਫ ਸਰਟੀਫਿਕੇਟ ਜਾਰੀ ਕੀਤੇ। ਪੈਨਸ਼ਨਰਾਂ ਵਿਚ ਕਾਫੀ ਖੁਸ਼ੀ ਸੀ ਕਿਉਂਕਿ ਲੋੜੀਂਦੀ ਕਾਰਵਾਈ ਪੂਰੀ ਹੋਣ ਤੇ ਮਹੀਨਾਵਾਰ ਪੈਨਸ਼ਨ ਮਿਲਣ ਵਿਚ ਕੋਈ ਰੁਕਾਵਟ ਪੈਦਾ ਨਹੀਂ ਹੁੰਦੀ। ਸਿਨੀਅਰਜ਼ ਸਮਸਿਆਵਾਂ ਸਬੰਧੀ ਤੁਹਾਡਾ ਕੋਈ ਵੀ ਸਵਾਲ ਹੋਵੇ ਤਾਂ ਤੁਸੀਂ ਅਜੀਤ ਸਿੰਘ ਬਾਵਾ ਨੂੰ 416-258-2167 ਤੇ ਫੋਨ ਕਰ ਸਕਦੇ ਹੋ।

ਕੌਂਸਲੇਟ ਜਨਰਲ ਕੈਨੇਡਾ ਟਰਾਂਟੋ ਦੇ ਸਟਾਫ ਨੇ ਸਵੇਰੇ 9 ਵਜੇ ਹੀ ਆਪਣਾ ਕੰਮ ਸ਼ੁਰੂ ਕਰ ਦਿਤਾ। ਉਹਨਾਂ ਦਾ ਕੰਮ ਬੜਾ ਨੇਮ-ਬਧ ਤੇ ਤਸੱਲੀ ਜਣਕ ਸੀ। ਕੌਂਸਲੇਟ ਜਨਰਲ ਕੈਨੇਡਾ ਟਰਾਂਟੋ ਦੇ ਦਫਤਰ ਦੀ ਇਹ ਸੇਵਾ ਭਵਿਖ ਵਿਚ ਜਾਰੀ ਰਹੇਗੀ। ਅਜੀਤ ਸਿੰਘ ਬਾਵਾ ਆਪਣੇ ਸਹਿਯੋਗੀਆਂ ਜਾਗੀਰ ਸਿੰਘ ਥਿਆੜਾ, ਇਕਬਾਲ ਸਿੰਘ ਵਿਰਕ, ਪ੍ਰੀਤਮ ਸਿੰਘ ਢਿਲੋਂ, ਰਤਨ ਸਿੰਘ ਗਿੱਲ, ਅਮਰਜੀਤ ਸਿੰਘ ਹੋਠੀ, ਜੋਗਿੰਦਰ ਸਿੰਘ ਨਿਜਰ, ਕੁਲਵੰਤ ਸਿੰਘ ਮਾਨ, ਸੁਖਦੇਵ ਸਿੰਘ ਢਿਲੋਂ ਅਤੇ ਬੇਦੀ ਸਾਹਿਬ ਦਾ ਯੋਗਦਾਨ ਪੌਣ ਲਈ ਬੜਾ ਧੰਨਵਾਦ ਕਰਦੇ ਹਨ। ਚਾਹ, ਪਾਣ, ਮਠਿਆਈਆਂ ਤੇ ਲੰਗਰ ਦੀ ਸੇਵਾ ਲਗਾਤਾਰ ਜਾਰੀ ਸੀ ਜਿਸ ਵਿਚ ਭਾਈ ਸਿਕੰਦਰ ਸਿੰਘ ਅਤੇ ਬਾਕੀ ਸੇਵਾਦਾਰਾਂ ਨੇ ਬੜੀ ਨਿਸ਼ਕਾਮ ਸੇਵਾ ਕੀਤੀ। ਹੁਮ ਹੁਮਾ ਕੇ ਆਈ ਸੰਗਤ ਦੇ ਹੜ੍ਹ ਕਾਰਨ ਨਵੀਆਂ ਲਾਈਨਾਂ ਖੋਲ੍ਹਣੀਆਂ ਪਈਆਂ। ਕੌਂਸਲੇਟ ਜਨਰਲ ਟਰਾਂਟੋ ਮਿਸਟਰ ਭਾਟੀਆ ਨੇ ਜ਼ਾਤੀ ਤੌਰ ਤੇ ਆ ਕੇ ਪ੍ਰਬੰਧਾਂ ਦਾ ਜਾਇਜ਼ਾ ਲਿਆ ਜਿਸ ਨਾਲ ਮੌਕੇ ਦੀ ਮਹਤਤਾ ਹੋਰ ਵਧ ਗਈ। ਮਿਸਟਰ ਭਾਟੀਆ ਨੇ ਇਸ ਮੌਕੇ ਲੋਕਾਂ ਦੀਆਂ ਵੀਜ਼ੇ ਅਤੇ ਪਾਸਪੋਰਟ ਦੀਆ ਸਮੱਸਿਆਵਾਂ ਵੀ ਸੁਣੀਆਂ।

## ਸ਼ਹੀਦੀ ਜੋੜ ਮੇਲੇ ਦੇ ਸਮਾਗਮ 23, 24, ਤੇ 25 ਦਸੰਬਰ ਨੂੰ


ਟੋਰਾਂਟੋ/ਹੀਰਾ ਰੰਧਾਵਾ-ਦੁਨੀਆਂ ਭਰ ਵਿੱਚ ਵੱਸਦੀ ਨਾਨਕ ਨਾਮ ਲੇਵਾ ਸੰਗਤ ਵੱਲੋਂ ਹਰ ਸਾਲ ਦਸੰਬਰ ਮਹੀਨੇ ਵਿੱਚ ਪੈਂਦੇ ਦਸਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾ ਸਿੰਘ ਤੇ ਬਾਬਾ ਫ਼ਤਿਹ ਸਿੰਘ ਸਮੇਤ ਮਾਤਾ ਗੁਜਰੀ ਜੀ ਦਾ ਸ਼ਹੀਦੀ ਪੂਰਬ ਵੱਲੋਂ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਜਾਂਦਾ ਹੈ। ਇਸ ਸੰਬੰਧੀ ਪੰਜਾਬ ਵਿੱਚ ਫ਼ਤਿਹਗੜ ਸਾਹਿਬ ਵਿਖੇ ਬਹੁਤ ਵੱਡੇ ਸਮਾਗਮ ਕੀਤੇ ਜਾਦੇ ਹਨ। ਇਸੇ ਦੇ ਸੰਬੰਧ ਵਿੱਚ ਟੋਰਾਂਟੋ ਖ਼ੇਤਰ ਵਿੱਚ ਬਾਬਾ ਜੋਰਾਵਰ ਸਿੰਘ ਬਾਬਾ ਫ਼ਤਿਹ ਸਿੰਘ ਯਾਦਗਾਰ ਕਮੇਟੀ ਵੱਲੋਂ ਵੀ ਸਮੂਹ ਸੰਗਤਾ ਦੇ ਸਹਿਯੋਗ ਨਾਲ ਸ਼ਹੀਦੀ ਸਮਾਗਮ ਆਯੋਜਿਤ ਕੀਤੇ ਜਾਂਦੇ ਹਨ। ਇਸ ਸਾਲ ਇਹ ਸਲਾਨਾ ਜੋੜ ਮੇਲਾ ਸਮਾਗਮ ਮਿਸੀਸਾਅਗਾ ਦੇ ਡਿਕਸੀ ਰੋਡ ਗੁਰਦੁ-ਆਰਾ ਸਾਹਿਬ ਵਿਖੇ ਬੜੀ ਸਰਧਾ ਤੇ ਉਤਸ਼ਾਹ ਨਾਲ ਕਰਵਾਏ ਜਾ ਰਹੇ ਹਨ। ਇਸ ਸੰਬੰਧੀ 23 ਦਸੰਬਰ ਦਿਨ ਐਤਵਾਰ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਸਵੇਰੇ 10:30 ਵਜੇ ਹਾਲ ਨੰਬਰ 3 ਤੇ 4 ਵਿੱਚ ਆਰੰਭ ਹੋਣਗੇ ਜਿਸ ਦੇ ਭੋਗ 25 ਦਸੰਬਰ ਦਿਨ ਮੰਗਲਵਾਰ ਨੂੰ 11:00 ਵਜੇ ਪੈਣਗੇ। ਉਪਰੰਤ ਰਾਗੀਆਂ ਵੱਲੋਂ ਢਾਡੀ ਦਰਬਾਰ ਅਤੇ ਕੀਰਤਨੀ ਜਤਥਿਆਂ ਵੱਲੋਂ ਕੀਰਤਨ ਕੀਤਰਨ ਦਰਬਾਰ ਸਜਾਏ ਜਾਣਗੇ। ਬੱਚਿਆਂ ਨੂੰ ਸਿੱਖੀ ਸੋਚ ਨਾਲ ਜੋੜਣ ਹਿੱਤ ਬੱਚਿਆਂ ਦਾ ਕੀਰਤਨ ਦਰਬਾਰ ਵੀ ਕਰਵਾਇਆ ਜਾਵੇਗਾ। ਇਸ ਉਰੰਤ ਭਾਈ ਗੁਲਜ਼ਾਰ ਸਿੰਘ ਜੀ ਟੋਰਾਂਟੋ ਵਾਲਿਆਂ ਵੱਲੋਂ ਗੁਰਮਤਿ ਵੀਚਾਰਾਂ ਕੀਤੀਆਂ ਜਾਣਗੀਆਂ। ਪ੍ਰਬੰਧਕਾਂ ਵੱਲੋਂ ਸਮੂਹ ਨਾਨਕ ਨਾਮ ਲੇਵਾ ਸੰਗਤਾਂ ਨੂੰ ਬੇਨਤੀ ਕੀਤੀ ਗਈ ਹੈ ਕਿ ਪਰਿਵਾਰਾਂ ਸਮੇਤ ਇਸ ਸਮਾਗਮ ਵਿੱਚ ਪਹੁੰਚ ਕੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਤੇ "ਲੋਕ ਸੁਖੀਏ ਪ੍ਰਲੋਕ ਸੁਹੇਲੇ ਨਾਨਕ ਹਰਿ ਪ੍ਰਭ ਆਪੇ ਮੇਲੇ" ਦੇ ਮਹਾਂਵਾਕ ਅਨੁਸਾਰ ਜੀਵਨ ਸਫਲ ਕਰਨ। ਇਸ ਸਮਾਗਮ ਸੰਬੰਧੀ ਹੋਰ ਜਾਣਕਾਰੀ ਲੈਣ ਅਤੇ ਸੇਵਾ ਕਰਨ ਲਈ ਲਈ 647 833 2748 ਅਤੇ 905 670 3311 ਫ਼ੋਨ ਨੰਬਰਾਂ ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਹਰਿਆਣੇ ਦੇ ਸਾਬਕਾ ਮੁੱਖ ਮੰਤਰੀ ਹੁੱਡਾ ਉੱਤੇ ਕੇਸ ਚਲਾਉਣ ਦੀ ਗਵਰਨਰ ਵੱਲੋਂ ਮਨਜ਼ੂਰੀ

ਚੰਡੀਗੜ੍ਹ, 15 ਨਵੰਬਰ, (ਪੋਸਟ ਬਿਊਰੋ)- ਨੈਸ਼ਨਲ ਹੈਰਾਲਡ ਕੇਸ ਵਿੱਚ ਉਸ ਦੀ ਇੱਕ ਸਹਿਯੋਗੀ ਕੰਪਨੀ ਐਸੋਸੀਏਟ ਜਰਨਲ ਲਿਮਟਿਡ (ਏ ਜੇ ਐੱਲ) ਨੂੰ ਪੰਚਕੂਲਾ ਵਿੱਚ ਅਲਾਟ ਕੀਤੇ ਇੱਕ ਪਲਾਟ ਦੇ ਕੇਸ ’ਚ ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਦੇ ਖ਼ਿਲਾਫ਼ ਮੁਕੱਦਮਾ ਚੱਲੇਗਾ। ਭੁਪਿੰਦਰ ਸਿੰਘ ਹੁੱਡਾ ਨੇ ਇਸ ਕੇਸ ਨੂੰ ਸਿਆਸਤ ਤੇ ਬਦਲੇ ਦੀ ਭਾਵਨਾ ਨਾਲ ਚਲਾਉਣ ਲਈ ਪ੍ਰੇਰਤ ਕਰਾਰ ਦਿੱਤਾ ਹੈ।

ਮਿਲੀ ਸੂਚਨਾ ਅਨੁਸਾਰ ਹਰਿਆਣਾ ਦੇ ਗਵਰਨਰ ਸਤਿਆਦੇਵ ਨਾਰਾਇਣ ਆਰੀਆ ਵੱਲੋਂ ਸੀ ਬੀ ਆਈ ਨੂੰ ਹੁੱਡਾ ਦੇ ਖ਼ਿਲਾਫ਼ ਕੇਸ ਚਲਾਉਣ ਦੀ ਮਨਜ਼ੂਰੀ ਦੇਣ ਨਾਲ ਅਗਲੀ ਕਾਰਵਾਈ ਲਈ ਰਾਹ ਸਾਫ ਹੋ ਗਿਆ। ਵਰਨਣ ਯੋਗ ਹੈ ਕਿ ਲੋਕ ਸਭਾ ਵੱਲੋਂ ਬਦਲੇ ਗਏ ਨਿਯਮਾਂ ਹੇਠ ਸਾਬਕਾ ਮੁੱਖ ਮੰਤਰੀ ਖ਼ਿਲਾਫ਼ ਚਾਰਜਸ਼ੀਟ ਦਾਖ਼ਲ ਕਰਨ ਤੋਂ ਪਹਿਲਾਂ ਗਵਰਨਰ ਦੀ ਮਨਜ਼ੂਰੀ ਲੈਣਾ ਜ਼ਰੂਰੀ ਸੀ। ਪਤਾ ਲੱਗਾ ਹੈ ਕਿ ਇਹ ਕੇਸ ਰਾਜ ਸਰਕਾਰ ਕੋਲ ਗਿਆ ਸੀ ਤੇ ਉਨ੍ਹਾਂ ਕਾਨੂੰਨੀ ਰਾਏ ਲੈਣ ਲਈ ਐਡਵੋਕੇਟ ਜਨਰਲ ਨੂੰ ਭੇਜਿਆ ਸੀ। ਗਵਰਨਰ ਨੇ ਬੀਤੇ ਬੁੱਧਵਾਰ ਕੇਸ ਚਲਾਉਣ ਦੀ ਮਨਜ਼ੂਰੀ ਦੇ ਦਿੱਤੀ ਹੈ। ਇਸ ਕੇਸ ਵਿੱਚ ਸੀ ਬੀ ਆਈ ਨੇ ਸੀਨੀਅਰ ਕਾਂਗਰਸ ਆਗੂ ਤੇ ਪਾਰਟੀ ਦੇ ਕੌਮੀ ਖ਼ਜ਼ਾਨਚੀ ਰਹੇ ਮੋਤੀ ਲਾਲ ਵੋਰਾ ਨੂੰ ਵੀ ਧਿਰ ਬਣਾਇਆ ਹੈ। ਜਾਣਕਾਰ ਸੂਤਰਾਂ ਮੁਤਾਬਕ ਜਾਂਚ ਦੌਰਾਨ ਸੀ ਬੀ ਆਈ ਨੇ ਉਨ੍ਹਾਂ ਅਫਸਰਾਂ ਨੂੰ ਦੋਸ਼ੀ ਨਹੀਂ ਮੰਨਿਆ, ਜਿਨ੍ਹਾਂ ਦੇ ਨਾਮ ਇਸ ਕੇਸ ਨਾਲ ਜੁੜੇ ਸਨ। ਅਧਿਕਾਰੀਆਂ ਨੇ ਪਲਾਟ ਅਲਾਟਮੈਂਟ ਦੀ ਜਾਣਕਾਰੀ ਹੋਣ ਤੋਂ ਇਨਕਾਰ ਕੀਤਾ ਸੀ।


ਕਾਂਗਰਸ ਪਾਰਟੀ ਦੇ ਮੁੱਖ ਅਖਬਾਰ ਨੈਸ਼ਨਲ ਹੈਰਾਲਡ ਲਈ ਉਸ ਵਕਤ ਦੀ ਭਜਨ ਲਾਲ ਸਰਕਾਰ ਨੇ ਪੰਚਕੂਲਾ ਦੇ ਸੈਕਟਰ-6 ਵਿੱਚ ਏ ਜੇ ਐਲ ਨੂੰ 3360 ਵਰਗ ਮੀਟਰ ਦਾ ਪਲਾਟ ਅਲਾਟ ਕੀਤਾ ਸੀ। ਮਿਥੇ ਸਮੇਂ ਵਿੱਚ ਪਲਾਟ ’ਤੇ ਕੋਈ ਉਸਾਰੀ ਨਾ ਹੋਈ ਤਾਂ ਅਲਾਟਮੈਂਟ ਰੱਦ ਕਰ ਦਿੱਤੀ ਗਈ। ਸਾਲ 2005 ’ਚ ਭੁਪਿੰਦਰ ਸਿੰਘ ਹੁੱਡਾ ਦੀ ਅਗਵਾਈ ਹੇਠਲੀ ਕਾਂਗਰਸ ਸਰਕਾਰ ਨੇ ਏ ਜੇ ਐਲ ਨੂੰ ਇਹ ਪਲਾਟ ਫਿਰ ਅਲਾਟ ਕਰ ਦਿੱਤਾ। ਉਨ੍ਹਾਂ ’ਤੇ ਇਹ ਦੋਸ਼ ਲੱਗਦੇ ਸਨ ਕਿ ਪਲਾਟ ਪੁਰਾਣੀਆਂ ਦਰਾਂ ਉੱਤੇ ਹੀ ਇਹ ਪਲਾਟ ਅਲਾਟ ਕੀਤਾ ਗਿਆ ਹੈ।



ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੇ ਆਪਣੇ ਰਾਜ ਦੌਰਾਨ ਕੋਈ ਵੀ ਗਲਤ ਕੰਮ ਹੋਣ ਨੂੰ ਰੱਦ ਕਰਦਿਆਂ ਕਿਹਾ ਕਿ ਕੇਸ ਪੂਰੀ ਤਰ੍ਹਾਂ ਨਾਲ ਸਿਆਸਤ ਤੇ ਬਦਲੇ ਦੀ ਭਾਵਨਾ ਤੋਂ ਪ੍ਰੇਰਿਤ ਹੈ। ਉਨ੍ਹਾਂ ਕਾਨੂੰਨ ਉਤੇ ਭਰੋਸਾ ਜਤਾਉਂਦੇ ਹੋਏ ਕਿਹਾ ਕਿ ਸਚਾਈ ਸਾਹਮਣੇ ਆਏਗੀ। ਹੁਡਾ ਨੇ ਦੋਸ਼ ਲਾਇਆ ਕਿ ਭਾਜਪਾ ਆਪਣੀਆਂ ਨਾਕਾਮੀਆਂ ਛਿਪਾਉਣ ਲਈ ਵਿਰੋਧੀਆਂ ਉੱਤੇ ਝੂਠੇ ਕੇਸ ਪਾ ਰਹੀ ਹੈ। ਦੂਸਰੇ ਪਾਸੇ ਹਰਿਆਣਾ ਦੇ ਮੁੱਖ ਮੰਤਰੀ ਦੇ ਮੀਡੀਆ ਸਲਾਹਕਾਰ ਰਾਜੀਵ ਜੈਨ ਨੇ ਕਿਹਾ ਕਿ ਹੁੱਡਾ ਨੇ ਕਾਂਗਰਸ ਹਾਈ ਕਮਾਨ ਨੂੰ ਖੁਸ਼ ਕਰਨ ਲਈ ਸਾਰੇ ਨਿਯਮ ਛਿੱਕੇ ਟੰਗ ਦਿੱਤੇ ਸਨ। ਉਨ੍ਹਾਂ ਕਿਹਾ ਕਿ 10 ਸਾਲਾਂ ਦੇ ਰਾਜ ਦੌਰਾਨ ਸਰਕਾਰੀ ਅਤੇ ਕਿਸਾਨਾਂ ਦੀਆਂ ਜ਼ਮੀਨਾਂ ਨੂੰ ਕੌਡੀਆਂ ਦੇ ਭਾਅ ਖ਼ਰੀਦਿਆ ਗਿਆ ਸੀ। ਜੈਨ ਨੇ ਕਿਹਾ ਕਿ ਸੀ ਬੀ ਆਈ ਜਾਂਚ ਅੱਗੇ ਵਧ ਰਹੀ ਹੈ ਅਤੇ ਛੇਤੀ ਹੀ ਭੁਪਿੰਦਰ ਸਿੰਘ ਹੁੱਡਾ ਜੇਲ੍ਹ ਦੀਆਂ ਸੀਖਾਂ ਪਿੱਛੇ ਹੋਣਗੇ।

ਓਧਰ ਨੈਸ਼ਨਲ ਹੈਰਾਲਡ ਅਖ਼ਬਾਰ ਦੇ ਪ੍ਰਕਾਸ਼ਕ ਏ ਜੇ ਐੱਲ ਨੂੰ ਕੇਂਦਰ ਸਰਕਾਰ ਵਲੋਂ 15 ਨਵੰਬਰ ਤੱਕ ਇਮਾਰਤ ਖਾਲੀ ਕਰਨ ਲਈ ਹੁਕਮ ਉੱਤੇ ਦਿੱਲੀ ਹਾਈ ਕੋਰਟ ਨੇ ਰੋਕ ਲਾ ਦਿੱਤੀ ਹੈ। ਐਸੋਸੀਏਟਿਡ ਜਰਨਲਜ਼ ਲਿਮਟਿਡ (ਏ ਜੇ ਐੱਲ) ਨੇ ਕੇਂਦਰੀ ਸ਼ਹਿਰੀ ਵਿਕਾਸ ਮੰਤਰਾਲੇ ਵੱਲੋਂ 56 ਸਾਲ ਪੁਰਾਣੀ ਲੀਜ਼ ਖਤਮ ਕਰਕੇ ਇਮਾਰਤ ਖਾਲੀ ਕਰਨ ਲਈ ਹੁਕਮਾਂ ਨੂੰ ਹਾਈ ਕੋਰਟ ਵਿਚ 12 ਨਵੰਬਰ ਨੂੰ ਚੁਣੌਤੀ ਦਿੱਤੀ ਸੀ। ਮੰਤਰਾਲੇ ਨੇ 30 ਅਕਤੂਬਰ ਨੂੰ ਹੁਕਮ ਜਾਰੀ ਕਰਕੇ ਇੱਥੇ ਆਈ ਟੀ ਓ ਵਿਚਲੀ ਪ੍ਰੈਸ ਐਨਕਲੇਵ ਦੀ ਇਮ-ਾਰਤ ਖਾਲੀ ਕਰਨ ਨੂੰ ਕਿਹਾ ਸੀ। ਅਦਾਲਤ ਵਿਚ ਅਰਜ਼ੀ ਰਾਹੀਂ ਏ ਜੇ ਐੱਲ ਨੇ ਦੋਸ਼ ਲਾਇਆ ਕਿ ਮੰਤਰਾਲੇ ਦੀ ਕਾਰਵਾਈ ਸਰਕਾਰ ਵਿਰੋਧੀ ਸੁਰਾਂ ਨੂੰ ਦਬਾਉਣ ਦਾ ਯਤਨ ਹੈ। ਇਹ ਹੁਕਮ ਕੇਂਦਰ ਦੀ ਸੱਤਾਧਾਰੀ ਧਿਰ ਦੇ ਦਬਾਅ ਹੇਠ ਦਿੱਤੇ ਗਏ ਹਨ। ਕੇਸ ਹਾਈ ਕੋਰਟ ਵਿਚ ਪੇਸ਼ ਹੋਇਆ ਤਾਂ ਕੇਂਦਰ ਨੇ ਜ਼ੁਬਾਨੀ ਭਰੋਸਾ ਦਿੱਤਾ ਕਿ ਉਹ 22 ਨਵੰਬਰ ਤੱਕ ਸਥਿਤੀ ਜਿਉਂ ਦੀ ਤਿਉਂ ਰੱਖੇਗੀ ਅਤੇ ਅੱਗੋਂ ਕੋਰਟ ਫੈਸਲਾ ਕਰੇਗੀ।

## ਤਿੰਨ ਦਹਾਕੇ ਪਿੱਛੋਂ ਜਾਵਾ ਮੋਟਰਸਾਈਕਲ ਫਿਰ ਭਾਰਤ ਦੇ ਬਾਜ਼ਾਰ ਵਿੱਚ



ਮੁੰਬਈ, 15 ਨਵੰਬਰ (ਪੋਸਟ ਬਿਊਰੋ)- ਪਿਛਲੀ ਸਦੀ ’ਚ ਲਗਪਗ ਚਾਰ ਦਹਾਕੇ ਭਾਰਤ ਦੇ ਦੋਪਹੀਆ ਬਾਜ਼ਾਰ ਵਿੱਚ ਆਪਣੀ ਖ਼ਾਸ ਥਾਂ ਬਣਾਈ ਰੱਖਣ ਵਾਲਾ ਮੋਟਰਸਾਈਕਲ ਬਰਾਂਡ ਜਾਵਾ ਇਕ ਵਾਰ ਫਿਰ ਇਸ ਬਾਜ਼ਾਰ ’ਚ ਆਪਣੇ ਜਲਵੇ ਬਿਖੇਰਨ ਨੂੰ ਤਿਆਰ ਹੈ। ਲਗਪਗ 32 ਸਾਲ ਪਿੱਛੋਂ ਚੈੱਕ ਗਣਰਾਜ ਦੇ ਇਸ ਬਰਾਂਡ ਨੂੰ ਕਲਾਸਿਕ ਲਿਜੈਂਡਸ ਨਾਂ ਦੀ ਇਕ ਨਵੀਂ ਕੰਪਨੀ ਨੇ ਲਾਂਚ ਕੀਤਾ ਹੈ, ਜਿਸ ਦੇ ਪ੍ਰਮੋਟਰਸ ਵਿਚ ਮਹਿੰਦਰਾ ਗਰੁੱਪ ਸ਼ਾਮਲ ਹੈ।

ਕੰਪਨੀ ਨੇ ਮੁੰਬਈ ਵਿੱਚ ਕਰਵਾਏ ਇਕ ਸਮਾਗਮ ’ਚ ਪਹਿਲੇ ਪੜਾਅ ਵਿਚ ਇਸ ਬਰਾਂਡ ਦੇ ਤਿੰਨ ਨਵੇਂ ਮਾਡਲ ਉਤਾਰਨ ਦਾ ਐਲਾਨ ਕੀਤਾ ਹੈ। ਇਕ ਮਾਡਲ ਦਾ ਨਾਂ ਜਾਵਾ ਰੱਖਿਆ ਗਿਆ ਹੈ, ਜਿਸ ਦੀ ਦਿੱਲੀ ਵਿਚ ਐਕਸ ਸ਼ੋਅ-ਰੂਮ ਕੀਮਤ 1,64,000 ਰੁਪਏ ਰੱਖੀ ਗਈ ਹੈ। ਦੂਜੇ ਮਾਡਲ ਦਾ ਨਾਂ ਜਾਵਾ ਟੂ ਹੈ ਅਤੇ ਇਸ ਦੀ ਐਕਸ ਸ਼ੋਅ-ਰੂਮ ਕੀਮਤ 1,89,000 ਰੁਪਏ ਹੋਵੇਗੀ। ਭਾਰਤ ’ਚ 105 ਸ਼ੋਅ-ਰੂਮ ਰਾਹੀਂ ਇਨ੍ਹਾਂ ਦੀ ਵਿਕਰੀ ਹੋਵੇਗੀ। ਜਾਵਾ ਬਰਾਂਡ ਨੂੰ ਦੁਬਾਰਾ ਲਾਂਚ ਕਰਨ ’ਤੇ ਲਗਪਗ 850 ਕਰੋੜ ਰੁਪਏ ਦੀ ਰਾਸ਼ੀ ਨਿਵੇਸ਼ ਕੀਤੀ ਗਈ ਹੈ। ਵਾਤਾਵਰਨ ਦਾ ਧਿਆਨ ਰੱਖਦੇ ਹੋਏ ਪ੍ਰਦੂਸ਼ਣ ਦੀ ਰੋਕਥਾਮ ਲਈ ਭਾਰਤ-6 ਸਟੈਂਡਰਡਜ਼ ਦੀ ਪਾਲਣਾ ਕੀਤੀ ਗਈ ਹੈ। ਜਾਵਾ ਵਿਚ 293 ਸੀ ਸੀ ਲਿਕਵਿਡ ਕੂਲਡ ਸਿੰਗਲ ਸਿਲੰਡਰ ਇੰਜਣ ਲਗਾਇਆ ਗਿਆ ਹੈ। ਇਸ ਦਾ ਡਿਜ਼ਾਈਨ ਤਿਆਰ ਕਰਨ ਵਿਚ ਇਟਲੀ ਦੇ ਦੋ ਮਸ਼ਹੂਰ ਡਿਜ਼ਾਈਨਰਾਂ ਦੀ ਮਦਦ ਲਈ ਗਈ ਹੈ। ਪਿਛਲੇ ਸਾਲ 250 ਸੀ ਸੀ ਤੋਂ 350 ਸੀ ਸੀ ਸਮਰੱਥਾ ਵਾਲੀ ਮੋਟਰਸਾਈਕਲ ਦੀ ਵਿਕਰੀ ਵਿਚ ਯੂਨਿਟ ਦੇ ਹਿਸਾਬ ਨਾਲ 458 ਫ਼ੀਸਦੀ ਦਾ ਵਾਧਾ ਹੋਇਆ ਸੀ। 350-500 ਸੀ ਸੀ ਸਮੱਰਥਾ ਵਾਲੇ ਦੋਪਹੀਆ ਵਾਹਨਾਂ ਦੀ ਵਿਕਰੀ ਵਿਕਾਸ ਦਰ 415 ਫ਼ੀਸਦੀ ਸੀ।

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ

Super Visa

- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also

Sponsor Your Family

MacroGlobal Immigration Services Ltd.

Seema Bhayana

ICCRC

Ph: 905 452 0000, 905 452 9999

180 Wilkinson Road, Unit 18 Brampton, ON L6T 4M3

Fax: 905 452 9996 Email: macroglobal@rogers.com

www.macroimmigration.com

"Quality is our strength."

SKYDOME GROUP OF COMPANIES

MINISTRY APPROVED SALVAGE INSPECTION STATION

WE DEAL WITH ALL INSURANCE COMPANIES

Body Centre

Daljit Singh

308 Rutherford Road Brampton

905-874-9878

Inderjit Singh

Skydome Emission & Allignment Centre Inc.

210 Rutherford Rd., Brampton

905-450-9878

WE SELL QUALITY USED CARS

STAFFORD TRUCK CENTRE

30 Stafford Dr., Brampton. Tel: 905-460-1414

HEAD OFFICE: 905-874-9878

Toll Free: 1-877-799-9878, www.skydomeauto.ca

Paramjit Deol Broker

CELL: 416-993-7378

7071 Airport Rd, Suit 201, Mississauga, ON

1. For top dollars, fast sale, Call Paramjit Deol
2. New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.

Tel:905-405-8484

www.paramjitdeol.com

Email: pdeol3@yahoo.ca

Your neighborhood broker, Call Paramjit Deol Today

BRAMPTON $89,000 — Photo Not Available — Kennedy Rd N/Vodden St E: ਬਹੁਤ ਹੀ ਵਧੀਆ ਚਲ ਰਿਹਾ ਬਿਜਨਸ, ਕਾਰੋਬਾਰ ਸ਼ੁਰੂ ਕਰਨ ਦਾ ਵਧੀਆ ਮੌਕਾ। ਹਾਈ ਟਰੇਫਿਕ ਫਲੋ। ਬਹੁਤ ਹੀ ਘੱਟ ਰੈਂਟ ਸਿਰਫ $3,500 ਅਤੇ ਸੇਲ $35,000 ਪ੍ਰਤੀ ਮਹੀਨਾ, 5 ਹੇਅਰ ਕਟਿੰਗ ਸਟੇਸ਼ਨ, 2 ਵਾਸ਼ ਸਟੇਸ਼ਨ, ਲੇਜ਼ਰ, ਵੈਕਸਿੰਗ,ਵੇਡਿੰਗ ਮੇਕਅਪ ਤੇ ਹੋਰ ਵੀ ਬਹੁਤ ਕੁਝ।

HAMILTON $25/Sq Ft. — 135 James St N: ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ, ਜੈਕਸਨ ਸੁਕੇਅਰ ਦੇ ਨੇੜੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋਂ। ਬਹੁਤ ਹੀ ਵਡਾ ਮੇਨ ਫਲੋਰ । 7,900 ਸੁਕੇਅਰ ਫੁੱਟ ਕੋਮਰਸੀਅਲ ਸਪੇਸ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ।

BRAMPTON $2,500 — 85 Calderstone Rd : ਬਹੁਤ ਹੀ ਵਧੀਆ ਲੋਕੇਸ਼ਨ ਤੇ 4 ਬੈਡਰੂਮ ਅਤੇ 4 ਵਾਸ਼ਰੂਮ ਦਾ ਡਿਟੈਚ ਡਬਲ ਸਟੋਰੀ ਘਰ ਲੀਜ਼ ਲਈ । ਮਾਡਰਨ ਕਿਚਨ, ਪਿਛਲੇ ਸਾਲ ਹੀ ਰੈਨੋਵੇਟਿਡ ਕੀਤਾ ਹੋਇਆ, 3 ਕਾਰਾਂ ਦੀ ਪਾਰਕਿੰਗ, ਗੋ ਸਟੇਸ਼ਨ, ਸ਼ਾਪਿੰਗ ਪਲਾਜ਼ਾ, ਮਾਲ ਆਦਿ ਸਹੂਲਤਾਂ ਦੇ ਨੇੜੇ।

BRAMPTON $54,900 — 255B Rutherford Rd S 06: ਵਧੀਆ ਚਲ ਰਿਹਾ ਬਿਜ਼ਨਸ, ਕਾਰੋਬਾਰ ਸ਼ੁਰੂ ਕਰਨ ਦਾ ਵਧੀਆ ਮੌਕਾ। ਬਹੁਤ ਹੀ ਘੱਟ ਰੈਂਟ ਅਤੇ ਸੇਲ $25,000 ਪ੍ਰਤੀ ਮਹੀਨਾ। 4 ਅਲਾਇੰਨਮੈਂਟ ਸਪੋਟਸ, ਏਅਰ ਕੰਪਰੈਸਰ, ਟਾਇਰ ਚੇਨਜਰ, ਵੀਲ ਬੈਲੇਂਸਰ, ਹੋਰ ਵੀ ਬਹੁਤ ਕੁਝ।

BRAMPTON $249,000 — Photo Not Available — 10725 Mclaughlin Rd. N: ਬਹੁਤ ਹੀ ਵਧੀਆ ਚਲ ਰਹੀ ਪਿਜਾ ਸ਼ਾਪ ਵਿਕਾਊ ਹੈ, ਪਰਾਈਮ ਲੋਕੇਸ਼ਨ ਅਤੇ ਵਧੀਆ ਸੇਲ। $12000 ਤੋਂ ਵੱਧ ਸੇਲ। ਬਹੁਤ ਹੀ ਘੱਟ ਰੈਂਟ ਸਿਰਫ $4160/ਮਹੀਨਾ। ਹਾਈ ਟਰੇਫਿਕ ਫਲੋਂ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰ ਸਕਦੇ ਹੋ।

PICKERING $59,000 — 1211 Kingston Rd E 14: ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, ਵਧੀਆ ਚੱਲ ਰਿਹਾ ਰੈਸਟੋਰੈਂਟ ਵਿਕਾਊ ਹੈ, ਪਰਾਈਮ ਲੋਕੇਸ਼ਨ ਅਤੇ ਵਧੀਆ ਸੇਲ। $20,000 ਤੋਂ ਵੱਧ ਸੇਲ। ਬਹੁਤ ਹੀ ਘੱਟ ਰੈਂਟ ਸਿਰਫ । ਹਾਈ ਟਰੇਫਿਕ ਫਲੋਂ, ਅੱਜ ਹੀ ਕਾਲ ਕਰੋ।

BRAMPTON $541,800 — Hwy 10/Bovarid: ਬਹੁਤ ਹੀ ਵਧੀਆ 3 ਬੈਡਰੂਮ ਅਤੇ 3 ਵਾਸ਼ਰੂਮ ਦਾ ਡਬਲ ਸਟੋਰੀ ਕਾਂਡੋ ਟਾਊਨ ਹਾਊਸ, ਕੁਆਰਟਜ਼ ਕਾਊਂਟਰ ਟਾਪ ਤੇ ਬੈਕਸਪਲੈਸ਼, ਸਾਰੀਆਂ ਸਹੂਲਤਾਂ ਦੇ ਨੇੜੇ ਜਿਵੇਂ ਬੱਸ ਸਟਾਪ, ਪਾਰਕ, ਸਕੂਲ ਆਦਿ।

AJAX $169,900 — Photo Not Available — 44 Hardwood Ave : ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ। ਬਹੁਤ ਹੀ ਵਧੀਆ ਚਲ ਰਿਹਾ ਰੇਸਟੋਰੈਂਟ ਵਿਕਾਊ ਹੈ। ਇਹ ਰੇਸਟੋਰੈਂਟ ਪਿਛਲੇ 10 ਸਾਲਾਂ ਤੋ ਚਲ ਰਿਹਾ ਹੈ। ਬਹੁਤ ਹੀ ਬਿਜੀ ਪਲਾਜਾ ਅਤੇ ਆਮਦਨ $25,000/ਮਹੀਨਾ।

KITCHENER $369,999 — Ottawa/Starasburg: ਬਹੁਤ ਹੀ ਵਧੀਆ ਲੋਕੇਸ਼ਨ ਤੇ, 3+1 ਬੈਡਰੂਮ ਤੇ 4 ਵਾਸ਼ਰੂਮ ਦਾ ਟਾਊਨ ਹਾਊਸ, ਵਧੀਆ ਰੌਸ਼ਨੀ, ਸਾਰੀਆਂ ਸਹੂਲਤਾਂ ਦੇ ਨੇੜੇ।

TORONTO $508,775 — Don Mills/Sheppard : ਟੋਰਾਂਟੋ ਵਿੱਚ ਬਹੁਤ ਹੀ ਵਧੀਆ ਲੋਕੇਸ਼ਨ ਤੇ ਬਣਿਆ 3 ਬੈਡਰੂਮ ਅਤੇ 2 ਵਾਸ਼ਰੂਮ ਦਾ ਕਾਂਡੋ ਅਪਾਰਟਮੈਂਟ । ਮਾਡਰਨ ਕਿਚਨ, ਸਟੇਨਲੈਸ ਸਟੀਲ ਅਪਲਾਂਇੰਸਸ, ਹਾਇਵੇ 401, ਸ਼ਾਪਿੰਗ ਪਲਾਜ਼ਾ, ਮਾਲ ਆਦਿ ਸਹੂਲਤਾਂ ਦੇ ਨੇੜੇ।

BRAMPTON $629,000 — 60 Lacoste Blvd.: ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, 6 ਆਫਿਸ, ਇਕ ਬੋਰਡਰੂਮ, ਰਿਸੈਪਸ਼ਨ ਅਤੇ ਆਫਿਸ ਐਡਮਿਨ ਲਈ ਥਾਂ ਸੇਲ ਤੇ। ਕੁਲ 1,524 ਸਕੇਅਰ ਫੁੱਟ ਥਾਂ ਵਿਕਾਊ ਹੈ।

TORONTO $825,000 — Lawrence & Valia Rd.: ਬਹੁਤ ਹੀ ਸੋਹਣਾ 4 ਬੈਡਰੂਮ ਅਤੇ 3 ਵਾਸ਼ਰੂਮ ਦਾ ਡਿਟੈਚਡ ਘਰ, ਹਾਈ ਡਿਮਾਂਡ ਏਰੀਆ, ਮਾਡਰਨ ਕਿਚਨ, ਬੈਕ-ਸਪਲੈਸ਼ ਫਿਨਿਸ਼ਡ ਬੇਸਮੈਂਟ, ਹਾਰਡਵੂਡ ਫਲੋਰ, ਆਦਿ ਸਹੂਲਤਾਂ ਦੇ ਨੇੜੇ।

BRAMPTON $179,000 — Photo Not Available — 384 Yonge St.11 : ਬਹੁਤ ਹੀ ਵਧੀਆ ਲੋਕੇਸ਼ਨ ਤੇ, ਬਿਜਨਸ ਸ਼ੁਰੂ ਕਰਨ ਦਾ ਵਧੀਆ ਮੌਕਾ। ਹਾਈ ਟਰੇਫਿਕ ਫਲੋਂ। ਇੰਡੋਰ ਰਿਟੇਲ ਸ਼ਾਪ, ਨਵਾਂ ਸਬਵੇ ਬਣਨ ਵਾਲੇ ਦੇ ਨੇੜੇ, ਹਾਰਡਵੂਡ ਫਲੋਰ, ਅਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ।

TORONTO $944,000 — Keele / Finch/York Univeristy: ਬਹੁਤ ਹੀ ਸੋਹਣਾ 7+3 ਬੈਡਰੂਮ ਅਤੇ 11 ਵਾਸ਼ਰੂਮ ਦਾ ਡੀਟੈਚਡ ਡਬਲ ਸਟੋਰੀ ਘਰ, ਬਹੁਤ ਸਾਰੇ ਅਪਗਰੇਡਜ਼, ਬਹੁਤ ਹੀ ਵਧੀਆ ਲੋਕੇਸ਼ਨ, ਹਾਈ ਡਿਮਾਂਡ ਏਰੀਆ, ਰਿਟੇਲ ਇਨਕਮ $6400, ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ, ਜਰੂਰ ਦੇਖੋ !!

BRAMPTON $849,000 — Bramalea Rd/Markham St: ਬਹੁਤ ਹੀ ਸਾਫ ਸੁਥਰਾ 4+1 ਬੈਡਰੂਮ, 4 ਵਾਸ਼ਰੂਮ ਦਾ ਡਿਟੈਚਡ ਡਬਲ ਸਟੋਰੀ ਘਰ, ਪੋਟ ਲਾਇਟਿੰਗ, ਹਾਰਡਵੂਡ ਫਲੋਰ, ਰੈਨੋਵੇਟਡ ਬੈਸਮੈਂਟ ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਸਹੂਲਤਾਂ ਦੇ ਨੇੜੇ।

CALEDON $1,009,999 — Mayfield & McVeen : ਬਹੁਤ ਹੀ ਵਧੀਆ 3+1 ਬੈਡਰੂਮ ਅਤੇ 3 ਵਾਸ਼ਰੂਮ ਦਾ ਡਿਟੈਚਡ ਬੰਗਲੋ, ਫੁਲੀ ਅਪਗ੍ਰੇਡਡ, ਹਾਰਡਵੂਡ ਫਲੋਰ, ਫਿਨੀਸ਼ਡ ਬੇਸਮੈਂਟ, ਬਹੁਤ ਹੀ ਵਡਾ ਗਰਾਜ, ਆਦਿ ਸਹੂਲਤਾਂ ਦੇ ਨੇੜੇ।

# ਇਤਿਹਾਸ ਦੀਆਂ ਪੁਸਤਕਾਂ ਦੇ ਵਿਵਾਦ ਬਾਰੇ ਸਿਖਿਆ ਮੰਤਰੀ ਸੋਨੀ ਵੱਲੋਂ ਜਾਂਚ ਦੇ ਹੁਕਮ



ਜਲੰਧਰ, 15 ਨਵੰਬਰ (ਪੋਸਟ ਬਿਊਰੋ)- ਪੰਜਾਬ ਦੇ ਸਿਖਿਆ ਮੰਤਰੀ ਓ ਪੀ ਸੋਨੀ ਨੇ ਪੰਜਾਬ ਸਕੂਲ ਸਿਖਿਆ ਬੋਰਡ ਦੇ ਵਿੱਚ ਇਤਿਹਾਸ ਦੀਆਂ ਪੁਸਤਕਾਂ ਬਾਰੇ ਵਿਵਾਦ ਦੀ ਜਾਂਚ ਦੇ ਹੁਕਮ ਦੇ ਦਿੱਤੇ ਹਨ।

ਮਿਲੀ ਜਾਣਕਾਰੀ ਅਨੁਸਾਰ ਸਿਖਿਆ ਮੰਤਰੀ ਓ ਪੀ ਸੋਨੀ ਨੇ ਕਿਹਾ ਹੈ ਕਿ 12ਵੀਂ ਜਮਾਤ ਦੇ ਇਤਿਹਾਸ ਦੀ ਪਾਠ ਪੁਸਤਕ ਬਾਰੇ ਸਿਖਿਆ ਸਕੱਤਰ ਕ੍ਰਿਸ਼ਨ ਕੁਮਾਰ ਵੱਲੋਂ ਜਾਂਚ ਕੀਤੀ ਜਾਵੇਗੀ। ਉਨ੍ਹਾ ਕਿਹਾ ਕਿ ਉਨ੍ਹਾਂ ਨੇ ਸਿਖਿਆ ਸਕੱਤਰ ਨੂੰ ਕਿਹਾ ਹੈ ਕਿ ਉਹ ਇੱਕ ਹਫਤੇ ਅੰਦਰ ਉਨ੍ਹਾਂ ਨੂੰ ਰਿਪੋਰਟ ਦੇਣ। ਉਨ੍ਹਾਂ ਕਿਹਾ ਕਿ ਅਕਾਲੀ ਦਲ ਵੱਲੋਂ ਜਾਣਬੁੱਝ ਕੇ ਇਸ ਮਾਮਲੇ ਉਤੇ ਸਿਆਸਤ ਕੀਤੀ ਜਾ ਰਹੀ ਹੈ। ਓ ਪੀ ਸੋਨੀ ਨੇ ਕਿਹਾ ਕਿ ਇਸ ਮਾਮਲੇ ਦਾ ਕੋਈ ਵਿਵਾਦ ਨਹੀਂ ਰਹਿ ਗਿਆ ਕਿਉਂਕਿ ਪੰਜਾਬ ਸਰਕਾਰ ਨੇ ਨਵੀਂ ਪੁਸਤਕ ਹਟਾ ਲਈ ਹੈ। ਉਨ੍ਹਾਂ ਕਿਹਾ ਕਿ ਐਕਸਪਰਟ ਗਰੁੱਪ ਵੱਲੋਂ ਇਤਿਹਾਸ ਦੀ ਪਾਠ ਪੁਸਤਕ ਦਾ ਨਵਾਂ ਸਿਲੇਬਸ ਤਿਆਰ ਕਰਨ ਦਾ ਕੰਮ ਜਾਰੀ ਰੱਖਿਆ ਜਾਵੇਗਾ। ਪਾਠ ਪੁਸਤਕ ਤਿਆਰ ਹੋਣ ਉਤੇ ਵਿਭਾਗ ਉਸ ਦੀ ਸਮੀਖਿਆ ਕਰੇਗਾ ਤੇ ਉਸ ਤੋਂ ਬਾਅਦ ਇਸ ਨੂੰ ਕੈਬਨਿਟ ਵਿੱਚ ਲਿਜਾਇਆ ਜਾਵੇਗਾ। ਉਨ੍ਹਾਂ ਨੇ ਸ਼੍ਰੋਮਣੀ ਕਮੇਟੀ ਦੇ ਦੋ ਮੈਂਬਰਾਂ 'ਤੇ ਵਰ੍ਹਦੇ ਹੋਏ ਕਿਹਾ ਕਿ ਉਹ ਵੀ ਐਕਸਪਰਟ ਕਮੇਟੀ ਦੇ ਮੈਂਬਰ ਸਨ ਅਤੇ ਜੇ ਇਤਿਹਾਸ ਦੀ ਪੁਸਤਕ ਨੂੰ ਆਨਲਾਈਨ ਕਰਨ ਤੋਂ ਪਹਿਲਾਂ ਉਨ੍ਹਾਂ ਨੇ ਇਸ ਦਾ ਅਧਿਐਨ ਕਰ ਲਿਆ ਹੁੰਦਾ ਤਾਂ ਕੋਈ ਮੁੱਦਾ ਉਭਰਨਾ ਨਹੀਂ ਸੀ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਨੇ ਆਪਣੀ ਜ਼ਿੰਮੇਵਾਰੀ ਪੂਰੀ ਤਰ੍ਹਾਂ ਨਹੀਂ ਨਿਭਾਈ।

# ਪਟਵਾਰੀਆਂ ਨੇ ਕਿਸਾਨਾਂ ਦੀ ਕਰਜ਼ਾ ਮੁਆਫੀ ਦੇ 4481 ਕੇਸ ਰੱਦ ਕੀਤੇ



ਅਚੰਡੀਗੜ੍ਹ, 15 ਨਵੰਬਰ (ਪੋਸਟ ਬਿਊਰੋ)- ਪੰਜਾਬ ਸਰਕਾਰ ਨੇ ਛੋਟੇ ਅਤੇ ਮੱਧਮ ਦਰਜ਼ੇ ਦੇ ਕਿਸਾਨਾਂ ਦੇ ਦੋ ਲੱਖ ਰੁਪਏ ਤੱਕ ਦੇ ਕਰਜ਼ੇ ਮੁਆਫ ਕਰਨ ਸੰਬੰਧੀ ਇੱਕ ਪੋਰਟਲ ਜਾਰੀ ਕੀਤਾ ਸੀ, ਪਰ ਪਟਵਾਰੀਆਂ ਨੇ 22,417 ਕੇਸ ਰੱਦ ਕਰ ਦਿੱਤੇ, ਜੋ ਬੈਂਕਾਂ ਨਾਲ ਸੰਬੰਧਤ ਸਨ। ਇਸ ਬਾਰੇ ਵਧੀਕ ਮੁੱਖ ਸਕੱਤਰ ਦੀ ਅਗਵਾਈ ਵਿੱਚ ਇੱਕ ਬੈਠਕ ਹੋਈ ਤਾਂ ਇਹ ਮਾਮਲਾ ਉਠਿਆ। ਉਨ੍ਹਾਂ ਨੇ ਇਸ ਦਾ ਗੰਭੀਰ ਨੋਟਿਸ ਲੈਂਦੇ ਹੋਏ ਬੈਂਕਾਂ ਦੇ ਪੈਂਡਿੰਗ ਕੇਸ ਕਲੀਅਰ ਕਰਨ ਦੇ ਲਈ ਕਿਹਾ, ਜਿਸ ਦੇ ਚਲਦੇ ਕਾਫੀ ਕੇਸ ਤਾਂ ਕਲੀਅਰ ਕਰ ਦਿੱਤੇ ਗਏ, ਪਰ ਅਜੇ ਵੀ 4481 ਪੈਂਡਿੰਗ ਹਨ, ਜੋ ਪਟਵਾਰੀਆਂ ਨੇ ਰੱਦ ਕੀਤੇ ਹਨ। ਇਸ ਗੱਲ ਦਾ ਖੁਲਾਸਾ ਬੈਂਕਰਸ ਕਮੇਟੀ ਦੀ ਬੈਠਕ ਵਿੱਚ ਹੋਇਆ ਹੈ।


ਮਿਲੀ ਜਾਣਕਾਰੀ ਅਨੁਸਾਰ ਇਸ ਬੈਠਕ ਵਿੱਚ ਇਹ ਮੁੱਦਾ ਵੀ ਉਠਿਆ ਕਿ ਕਿਸਾਨ ਕਰਜ਼ਾ ਵਾਪਸ ਨਹੀਂ ਦੇ ਰਹੇ ਹਨ ਤੇ ਇਸ ਸਮੇਂ 162.33 ਕਰੋੜ ਰੁਪਏ ਦੇ 1658 ਕੇਸ ਪੈਂਡਿੰਗ ਪਏ ਹਨ। ਸਤੰਬਰ 2018 ਤੱਕ ਦੇ ਅੰਕੜਿਆਂ ਦੇ ਅਨੁਸਾਰ 11.20 ਕਰੋੜ ਦੇ 110 ਕੇਸ ਸੈਟਲ ਹੋਏ ਅਤੇ 1658 ਮਾਮਲੇ ਪੈਂਡਿੰਗ ਹਨ ਜਿਨ੍ਹਾਂ ਵਿੱਚ 19.74 ਕਰੋੜ ਦੇ 114 ਕੇਸ ਛੇ ਮਹੀਨੇ ਪੁਰਾਣੇ ਹਨ, ਜਦ ਕਿ 9.51 ਕਰੋੜ ਰੁਪਏ ਦੇ 210 ਕੇਸ ਇੱਕ ਸਾਲ ਤੋਂ ਘੱਟ ਪੁਰਾਣੇ ਅਤੇ 133.07 ਕਰੋੜ ਰੁਪਏ ਦੇ 1334 ਕੇਸ ਇੱਕ ਸਾਲ ਤੋਂ ਵੱਧ ਪੁਰਾਣੇ ਹਨ, ਜਿਸ ਵਿੱਚ ਸਟੇਟ ਰਿਕਵਰੀ ਐਕਟ ਸ਼ਾਮਲਹੈ ਅਤੇ 162.33 ਕਰੋੜ ਦੇ ਕਰਜ਼ੇ ਦੀ ਰਿਕਵਰੀ ਨਹੀਂ ਹੋਈ ਹੈ। ਪੰਜਾਬ ਸਰਕਾਰ ਨੇ ਦੋ ਲੱਖ ਰੁਪਏ ਤੱਕ ਕਰਜ਼ਾ ਮੁਆਫੀ ਦਾ ਐਲਾਨ ਕੀਤਾ ਹੈ, ਤਦ ਤੋਂ ਕਾਫੀ ਕਿਸਾਨਾਂ ਨੇ ਕਰਜ਼ਾ ਵਾਪਸ ਕਰਨਾ ਬੰਦ ਕਰ ਦਿੱਤਾ ਹੈ।

## ਪੈਸੇ ਕਢਵਾਉਣ ਗਈ ਬੀਬੀ ਦਾ ਏ ਟੀ ਐੱਮ ਕਾਰਡ ਬਦਲਵਾ ਕੇ 2.10 ਲੱਖ ਰੁਪਏ ਕਢਵਾਏ

ਲੁਧਿਆਣਾ, 15 ਨਵੰਬਰ (ਪੋਸਟ ਬਿਊਰੋ)- ਏ ਟੀ ਐੱਮ ਕੈਬਿਨ ਵਿੱਚੋਂ ਪੈਸੇ ਕਢਵਾਉਣ ਗਈ ਮਹਿਲਾ ਦਾ ਏ ਟੀ ਐੱਮ ਕਾਰਡ ਉਥੇ ਮੌਜੂਦ ਇੱਕ ਵਿਅਕਤੀ ਨੇ ਧੋਖੇ ਨਾਲ ਬਦਲ ਲਿਆ ਅਤੇ ਉਸ ਦੇ ਬਾਅਦ ਉਸ ਨੇ ਕਾਰਡ ਦੇ ਜ਼ਰੀਏ 2.10 ਲੱਖ ਰੁਪਏ ਮਹਿਲਾ ਦੇ ਬੈਂਕ ਖਾਤੇ ਤੋਂ ਕਢਵਾ ਲਏ। ਬਾਅਦ ਵਿੱਚ ਮਹਿਲਾ ਨੂੰ ਇਸ ਬਾਰੇ ਪਤਾ ਲੱਗਾ ਤਾਂ ਉਸ ਨੇ ਪੁਲਸ ਨੂੰ ਸ਼ਿਕਾਇਤ ਦਿੱਤੀ। ਪੁਲਸ ਨੇ ਇਸ ਬਾਰੇ ਅਣਪਛਾਤੇ ਵਿਅਕਤੀ ਦੇ ਖਿਲਾਫ ਧੋਖਾਧੜੀ ਦਾ ਕੇਸ ਦਰਜ ਕਰ ਲਿਆ ਹੈ। ਪੁਲਸ ਨੇ ਏ ਟੀ ਐੱਮ ਕੈਬਿਨ ਦੇ ਸੀ ਸੀ ਟੀ ਵੀ ਫੁਟੇਜ਼ ਲੈ ਕੇ ਦੋਸ਼ੀ ਦੀ ਤਲਾਸ਼ ਸ਼ੁਰੂ ਕਰ ਦਿੱਤੀ ਹੈ।

ਇਸ ਵਾਰਦਾਤ ਦੀ ਸ਼ਿਕਾਰ ਬਣੀ ਪਿੰਡ ਬੁਲ ਦੀ ਮਨਜੀਤ ਕੌਰ ਦਾ ਕਹਿਣਾ ਹੈ ਕਿ ਉਸ ਦੇ ਪਤੀ ਜੈਪਾਲ ਸਿੰਘ ਦਾ ਐੱਸ ਬੀ ਆਈ ਦੀ ਡੇਹਲੋਂ ਬ੍ਰਾਂਚ ਵਿੱਚ ਖਾਤਾ ਹੈ। ਉਸ ਨੇ ਦੱਸਿਆ ਕਿ 29 ਅਕਤੂਬਰ ਨੂੰ ਉਹ ਪਤੀ ਦਾ ਏ ਟੀ ਐੱਮ ਕਾਰਡ ਲੈ ਕੇ ਕੈਬਿਨ 'ਤੇ ਗਈ। ਉਥੇ ਇੱਕ ਨੌਜਵਾਨ ਮੌਜੂਦ ਸੀ। ਉਸ ਨੌਜਵਾਨ ਨੇ ਦੱਸਿਆ ਕਿ ਮਸ਼ੀਨ ਸਹੀ ਅਪਰੇਟ ਨਹੀਂ ਹੋ ਰਹੀ। ਉਹ ਉਸ ਨੂੰ ਬੈਂਕ ਦਾ ਮੁਲਾਜ਼ਮ ਸਮਝੀ। ਉਸ ਨੇ ਰੁਪਏ ਕਢਵਾਉਣ ਲਈ ਉਸ ਨੂੰ ਕਾਰਡ ਫੜਾ ਦਿੱਤਾ। ਰੁਪਏ ਕਢਵਾਉਣ ਪਿੱਛੋਂ ਉਕਤ ਵਿਅਕਤੀ ਨੇ ਏ ਟੀ ਐਮ ਕਾਰਡ ਉਸ ਨੂੰ ਦੇ ਦਿੱਤਾ। ਮਹਿਲਾ ਦਾ ਕਹਿਣਾ ਹੈ ਕਿ ਜਦ ਉਹ ਘਰ ਪਹੁੰਚੀ ਤਾਂ ਕੁਝ ਦੇਰ ਪਿੱਛੋਂ ਉਸ ਦੇ ਪਤੀ ਦੇ ਮੋਬਾਈਲ 'ਤੇ 50 ਹਜ਼ਾਰ ਰੁਪਏ ਨਿਕਲਣ ਦਾ ਮੈਸੇਜ ਆਇਆ। ਇਸ ਦੇ ਅਗਲੇ ਦਿਨ ਤੀਹ ਅਕਤੂਬਰ ਨੂੰ ਅੱਸੀ ਹਜ਼ਾਰ ਰੁਪਏ ਅਤੇ 31 ਅਕਤੂਬਰ ਨੂੰ ਅੱਸੀ ਹਜ਼ਾਰ ਰੁਪਏ ਬੈਂਕ ਖਾਤੇ 'ਚੋਂ ਨਿਕਲ ਗਏ। ਜਦ ਉਨ੍ਹਾਂ ਨੇ ਬੈਂਕ ਜਾ ਕੇ ਚੈੱਕ ਕੀਤਾ ਤਾਂ ਪਤਾ ਲੱਗਾ ਕਿ ਉਸ ਦੇ ਕੋਲ ਜੋ ਏ ਟੀ ਐੱਮ ਕਾਰਡ ਹੈ, ਉਹ ਉਨ੍ਹਾਂ ਦੇ ਬੈਂਕ ਖਾਤੇ ਦਾ ਨਹੀਂ ਹੈ।

## ਜਾਅਲੀ ਸ਼ਰਾਬ ਬਣਾਉਣ ਦੀ ਫੈਕਟਰੀ ਦਾ ਪਰਦਾ ਫਾਸ਼



ਲਾਲੜੂ, 15 ਨਵੰਬਰ (ਪੋਸਟ ਬਿਊਰੋ)- ਐਕਸਾਈਜ਼ ਐਂਡ ਟੈਕਸੇਸ਼ਨ ਵਿਭਾਗ ਨੇ ਛਾਪਾ ਮਾਰ ਕੇ ਪਿੰਡ ਦੱਪਰ ਨੇੜਿਓਂ ਨਾਜਾਇਜ਼ ਢੰਗ ਨਾਲ ਜਾਅਲੀ ਸ਼ਰਾਬ ਬਣਾਉਣ ਵਾਲੀ ਫੈਕਟਰੀ ਦਾ ਪਰਦਾ ਫਾਸ਼ ਕੀਤਾ ਹੈ।

ਡਾਇਰੈਕਟਰ ਇਨਵੈਸਟੀਗੇਸ਼ਨ, ਐਕਸਾਈਜ਼ ਐਂਡ ਟੈਕਸੇਸ਼ਨ ਵਿਭਾਗ ਗੁਰਚੈਨ ਸਿੰਘ ਧਨੋਆ ਏ ਆਈ ਜੀ ਸਮੇਤ ਸਟਾਫ ਮੋਬਾਈਲ ਵਿੰਗ ਪਟਿਆਲਾ, ਮੋਬਾਈਲ ਵਿੰਗ ਚੰਡੀਗੜ੍ਹ ਅਤੇ ਸਮੇਤ ਐਕਸਾਈਜ਼ ਸਟਾਫ ਜ਼ਿਲਾ ਮੋਹਾਲੀ ਨੇ ਦੱਪਰ ਨੇੜੇ ਟੋਲ ਪਲਾਜ਼ਾ ਸਾਹਮਣੇ ਨਾਜਾਇਜ਼ ਢੰਗ ਨਾਲ ਸ਼ਰਾਬ ਬਣਾਉਣ ਵਾਲੀ ਫੈਕਟਰੀ ਦਾ ਪਰਦਾ ਫਾਸ਼ ਕੀਤਾ ਹੈ। ਇਥੋਂ ਜਾਅਲੀ ਸ਼ਰਾਬ ਬਣਾਉਣ ਲਈ ਵਰਤੀ ਜਾਂਦੀ ਚੇਨ, ਸਟੋਰੇਜ ਟੈਂਕਾਂ ਵਿੱਚ ਲਗਭਗ 6400 ਲੀਟਰ ਬਲੈਂਡ, 1600 ਲੀਟਰ ਈ ਐਨ ਏ (ਐਕਸਟਰਾ ਨਿਊਟਰਲ ਐਲਕੋਹਲ), ਸ਼ਰਾਬ ਬਣਾਉਣ ਵਾਲੇ ਕੈਮੀਕਲ, ਕੈਮੀਕਲ ਦੇ ਖਾਲੀ ਡਰੰਮ, ਲਗਭਗ 120000 ਹੋਲੋਗ੍ਰਾਮ, 125479 ਲੇਬਲ, 4800 ਸ਼ਰਾਬ ਦੀਆਂ ਬੋਤਲਾਂ ਪੈਕ ਕਰਨ ਵਾਲੇ ਖਾਲੀ ਡੱਬੇ, ਕੈਟਲ ਫੀਡ ਦੇ 48 ਨਗ, ਖਾਸਾ ਡਿਸਟਿਲਰੀ ਨਾਮ ਦੇ 417 ਟੇਪ ਰੋਲ, ਸੀ ਡੀ ਬੀ ਐਲ ਡਿਸਟਿਲਰੀ ਨਾਂ ਦੇ 249 ਟੇਪ ਰੋਲ, ਕੱਚ ਦੀ ਪੈਮਾਨਾ ਸੁਰਾਹੀ, ਖਾਲੀ 11970 ਬੋਤਲਾਂ, ਬੋਤਲਾਂ ਦੇ 157000 ਢੱਕਣ, ਲਗਭਗ 200 ਪਊਏ ਮਿਸ ਇੰਡੀਆ (ਉਤਰ ਪ੍ਰਦੇਸ਼ ਵਿੱਚ ਵਿਕਣਯੋਗ), 14 ਬੋਤਲਾਂ ਖਾਸਾ ਮੋਟਾ ਸੰਤਰਾ (ਪੰਜਾਬ ਵਿੱਚ ਵਿਕਣਯੋਗ), ਟਰੱਕ ਅਤੇ ਹਰ ਸਾਜੋ ਸਾਮਾਨ ਬਰਾਮਦ ਕੀਤਾ।

# ਕਰਨ ਜੌਹਰ ਨੇ ਉਤਰ ਪੂਰਬ ਦੇ ਲੋਕਾਂ ਤੋਂ ਮੁਆਫੀ ਮੰਗੀ



ਮੁੰਬਈ, 15 ਨਵੰਬਰ (ਪੋਸਟ ਬਿਊਰੋ)- ਕੱਲ੍ਹ ਫਿਲਮ ਪ੍ਰੋਡਿਊਸਰ ਕਰਨ ਜੌਹਰ ਨੇ ਉਤਰ ਪੂਰਬੀ ਭਾਰਤ ਦੇ ਲੋਕਾਂ ਦੇ ਸੱਭਿਆਚਾਰ ਬਾਰੇ ਜੋ ਟਿੱਪਣੀ ਕੀਤੀ ਸੀ, ਉਸ ਨੂੰ ਲੈ ਕੇ ਸੋਸ਼ਲ ਮੀਡੀਆ 'ਤੇ ਉਨ੍ਹਾਂ ਦੀ ਆਲੋਚ-ਨਾ ਹੋਈ। ਇਸ ਪਿੱਛੋਂ ਫਿਲਮ ਨਿਰਮ-'ਤਾ ਕਰਨ ਜੌਹਰ ਨੇ ਲੋਕਾਂ ਤੋਂ ਮੁਆਫੀ ਮੰਗੀ ਹੈ।

ਕਰਨ ਜੌਹਰ ਨੇ ਕੱਲ੍ਹ ਇਕ ਟਵੀਟ ਵਿੱਚ ਕਿਹਾ ਕਿ ਜੇ ਮੈਂ ਕਿਸੇ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਈ ਹੈ ਤਾਂ ਮੈਂ ਮੁਆਫੀ ਮੰਗਦਾ ਹਾਂ। ਇਹ ਪੂਰੀ ਤਰ੍ਹਾਂ ਅਣਜਾਣੇ 'ਚ ਹੋਇਆ ਅਤੇ ਨਾਸਮਝੀ ਵਿੱਚ ਕੀਤਾ ਗਿਆ, ਜੋ ਬਿਲਕੁਲ ਬਹਾਨਾ ਨਹੀਂ ਹੈ। ਉਨ੍ਹਾਂ ਕਿਹਾ ਮੈਂ ਸਾਡੀਆਂ ਵੱਖ-ਵੱਖ ਭਾਈਚਾਰਿਆਂ ਪ੍ਰਤੀ ਸੰਵੇਦਨਸ਼ੀਲ ਹਾਂ ਅਤੇ ਮੁਆਫੀ ਮੰਗਦਾ ਹਾਂ। ਕਰਨ ਜੌਹਰ ਅੱਜ ਕੱਲ੍ਹ ਕਿਰਨ ਖੇਰ ਤੇ ਮਲਾਇਕਾ ਅਰੋੜਾ ਖਾਨ ਨਾਲ ਇੰਡੀਆਜ਼ ਗਾਟ ਟੇਲੈਂਟ ਕਰ ਰਹੇ ਹਨ, ਉਹ ਅਕਸਰ ਸੋਸ਼ਲ ਮੀਡੀਆ 'ਤੇ ਪਰਦੇ ਪਿੱਛੇ ਹੋਈਆਂ ਗੱਲਾਂ ਦੀ ਵੀਡੀਓ ਸਾਂਝੀ ਕਰਦੇ ਹਨ, ਜਿਸ ਨੂੰ 'ਟੂਡਲ' ਕਿਹਾ ਜਾਂਦਾ ਹੈ। ਕਰਨ ਕੱਲ੍ਹ ਸ਼ਾਮ ਇਸ ਤਰ੍ਹਾਂ ਇਕ ਵੀਡੀਓ ਵਿੱਚ ਰਿਵਾਇਤੀ ਹੈਡਗੇਯਰ (ਬਾਂਸ ਦੀ ਟੋਪੀ) ਪਹਿਨਣ ਬਾਰੇ ਕਿਰਨ ਖੇਰ ਦੇ ਨਾਲ ਮਜ਼ਾਕ ਕਰ ਰਹੇ ਸਨ, ਜਿਸ ਨੂੰ ਅਰੁਣਾਚਲ ਪ੍ਰਦੇਸ਼ ਤੋਂ ਪ੍ਰੋਗਰਾਮ 'ਚ ਭਾਗ ਲੈਣ ਵਾਲੇ ਨੇ ਭੇਟ ਕੀਤਾ ਸੀ। ਉਸ ਨੇ ਕਰਨ ਨੂੰ ਵੀ ਇਕ ਹੈਡਗੇਯਰ ਭੇਟ ਕੀਤਾ, ਪਰ ਉਨ੍ਹਾਂ ਨੇ ਨਹੀਂ ਪਹਿਨਿਆ। ਵੀਡੀਓ ਵਿੱਚ ਕਿਰਨ ਉਨ੍ਹਾਂ ਨੂੰ ਪੁੱਛਦੀ ਨਜ਼ਰ ਆ ਰਹੀ ਹੈ ਕਿ ਉਨ੍ਹਾਂ ਨੇ ਕਿਉਂ ਨਹੀਂ ਪਹਿਨਿਆ। ਇਸ 'ਤੇ ਨਿਰਮਾਤਾ ਨੇ ਕਿਹਾ ਕਿ ਤੁਹਾਡੇ 'ਚ ਅਜਿਹਾ ਕਰਨ ਦੀ ਹਿੰਮਤ ਹੈ, ਮੇਰੇ 'ਚ ਨਹੀਂ। ਇਸ ਤੋਂ ਬਾਅਦ ਨਿਰਮਾਤਾ ਨੇ ਕਿਰਨ ਨੂੰ ਕਿਹਾ ਕਿ ਇਸ ਨੂੰ ਪਹਿਨ ਕੇ ਉਹ ਕੱਵਾਲੀ ਗਾਉਣ ਵਾਲੇ ਲੱਗਦੇ ਹਨ। ਇਸ ਤੋਂ ਬਅਦ ਕਿਰਨ ਖੇਰ ਨੇ ਕਿਹਾ ਕਿ ਤੁਹਾਨੂੰ ਪਤਾ ਨਹੀਂ, ਇਹ ਸਾਡੇ ਦੇਸ਼ ਦੀਆਂ ਅਲੱਗ-ਅਲੱਗ ਪ੍ਰੰਪਰਾਵਾਂ ਹਨ। ਤੁਹਾਨੂੰ ਸਾਡੇ ਦੇਸ਼ ਦੇ ਵੱਖ-ਵੱਖ ਸੂਬਿਆਂ ਦੀਆਂ ਪ੍ਰੰਪਰਾਵਾਂ ਬਾਰੇ ਪਤਾ ਨਹੀਂ ਹੈ। ਇਸ ਕਾਰਨ ਕਰਨ ਜੌਹਰ ਦੀ ਸੋਸ਼ਲ ਮੀਡੀਆ 'ਤੇ ਕਾਫੀ ਆਲੋਚਨਾ ਹੋਈ, ਜਿਸ 'ਤੇ ਉਨ੍ਹਾਂ ਕੱਲ੍ਹ

# ਇਸਰਾਈਲੀ ਰੱਖਿਆ ਮੰਤਰੀ ਨੇ ਅਸਤੀਫਾ ਦੇ ਕੇ ਚੋਣਾਂ ਕਰਵਾਉਣ ਦੀ ਮੰਗ ਰੱਖੀ



ਯੇਰੂਸ਼ਲਮ, 15 ਨਵੰਬਰ (ਪੋਸਟ ਬਿਊਰੋ)- ਇਸਰਾਈਲ ਦੇ ਰੱਖਿਆ ਮੰਤਰੀ ਏਵੀਗਦੋਰ ਲਿਬਰਮੈਨ ਨੇ ਕੱਲ੍ਹ ਪ੍ਰਧਾਨ ਮੰਤਰੀ ਬੇਂਜਾਮਿਨ ਨੇਤਨਯਾਹੂ ਉੱਤੇ ਹਮਾਸ ਦੇ ਸਾਹਮਣੇ ਆਤਮ ਸਮਰਪਣ ਕਰਨ ਦਾ ਦੋਸ਼ ਲਗਾਉਂਦੇ ਹੋਏ ਅਸਤੀਫਾ ਦੇ ਦਿੱਤਾ ਅਤੇ ਦੇਸ਼ ਵਿੱਚ ਜਲਦੀ ਚੋਣਾਂ ਕਰਵਾਏ ਜਾਣ ਦੀ ਮੰਗ ਕੀਤੀ।

ਵਰਨਣ ਯੋਗ ਹੈ ਕਿ ਇਸਰਾਈਲ ਦੀ ਫੌਜ ਮੁਤਾਬਕ ਹਮਾਸ ਨੇ ਬੀਤੇ ਦਿਨੀਂ ਅਤੇ ਕੱਲ੍ਹ ਕਰੀਬ 25 ਘੰਟਿਆਂ ਦੇ ਦੌਰਾਨ ਦੱਖਣੀ ਇਸਰਾਈਲ ਉੱਤੇ ਕੁੱਲ 460 ਰਾਕੇਟ ਅਤੇ ਮੋਰਟਾਰ ਦਾਗੇ ਤੇ ਇਸਰਾਈਲ ਦੇ ਆਇਰਨ ਡੋਮ ਮਿਸਾਈਲ ਡਿਫੈਂਸ ਸਿਸਟਮ ਨੇ 100 ਤੋਂ ਵੱਧ ਰਾਕੇਟ ਤੇ ਮੋਟਾਰਰਾਂ ਨੂੰ ਹਵਾ ਵਿੱਚ ਹੀ ਨਸ਼ਟ ਕਰ ਦਿੱਤਾ। ਹਮਾਸ ਦੇ ਹਮਲੇ ਵਿੱਚ ਇਸਰਾਈਲ ਦਾ ਇਕ ਨਾਗਰਿਕ ਮਰਨ ਦੇ ਨਾਲ ਦਰਜਨ ਤੋਂ ਵੱਧ ਜ਼ਖਮੀ ਹੋ ਗਏ। ਕਈ ਇਮਾਰਤਾਂ ਨੂੰ ਵੀ ਨੁਕਸਾਨ ਪਹੁੰਚਿਆ। ਇਸ ਹਮਲੇ ਦੇ ਬਾਅਦ ਲਿਬਰਮੈਨ ਨੇ ਪ੍ਰਧਾਨ ਮੰਤਰੀ 'ਤੇ ਅੱਤਵਾਦ ਅੱਗੇ ਝੁਕਾਅ ਰੱਖਣ ਦਾ ਦੋਸ਼ ਲਾਇਆ। ਉਨ੍ਹਾਂ ਨੇ ਪ੍ਰਧਾਨ ਮੰਤਰੀ ਨੇਤਨਯਾਹੂ ਦੇ ਗੱਠਜੋੜ ਤੋਂ ਆਪਣੀ ਪਾਰਟੀ ਨੂੰ ਵੱਖ ਕਰਨ ਦਾ ਐਲਾਨ ਕਰ ਦਿੱਤਾ। ਲਿਬਰਮੈਨ ਦੇ ਇਸ ਫੈਸਲੇ ਨਾਲ ਸਰਕਾਰ ਦੇ ਕਮਜ਼ੋਰ ਪੈਣ ਦੀ ਸੰਭਾਵਨਾ ਬਣ ਗਈ ਹੈ। ਉਨ੍ਹਾਂ ਨੇ ਕਿਹਾ, ਮੈਂ ਕੈਬਨਿਟ ਵਿੱਚ ਇਕ ਵਫਾਦਾਰ ਮੈਂਬਰ ਬਣੇ ਰਹਿਣ ਦੀ ਕੋਸ਼ਿਸ਼ ਕੀਤੀ, ਪਰ ਇਸ ਦਾ ਕੋਈ ਫਾਇਦਾ ਨਹੀਂ ਹੋਇਆ। ਅਸੀਂ ਕਾਰਵਾਈ ਕਰਨਾ ਚਾਹੁੰਦੇ ਹਨ, ਪਰ ਨੇਤਨਯਾਹੂ ਦੀ ਸਰਕਾਰ ਇਸ ਦੇ ਪੱਖ ਵਿੱਚ ਨਹੀਂ ਹੈ।

## ਥੈਰੇਸਾ ਮੇ ਨੂੰ ਕਰਾਰਾ ਝਟਕਾ, ਬ੍ਰੈਗਜ਼ਿਟ ਮੰਤਰੀ ਨੇ ਅਸਤੀਫਾ ਦੇ ਦਿੱਤਾ

ਲੰਡਨ, 15 ਨਵੰਬਰ (ਪੋਸਟ ਬਿਊਰੋ)- ਬ੍ਰਿਟੇਨ ਦੀ ਪ੍ਰਧਾਨ ਮੰਤਰੀ ਥੈਰੇਸਾ ਮੇ ਨੂੰ ਵੀਰਵਾਰ ਉਸ ਸਮੇਂ ਕਰਾਰਾ ਝਟਕਾ ਲੱਗਾ ਜਦੋਂ ਯੂਰਪੀਅਨ ਯੂਨੀਅਨ ਤੋਂ ਵੱਖ ਹੋਣ ਲਈ ਪ੍ਰਸਤਾਵਿਤ ਸਮਝੌਤੇ ਨੂੰ ਲੈ ਕੇ ਡੋਮੀਨਿਕ ਰਾਬ ਨੇ ਬ੍ਰੈਗਜ਼ਿਟ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇ ਕੇ ਹਲਚਲ ਪੈਦਾ ਕਰ ਦਿੱਤੀ ਹੈ।

ਪਾਰਲੀਮੈਂਟ ਵਿਚ ਬ੍ਰੈਗਜ਼ਿਟ ਸਮਝੌਤੇ 'ਤੇ ਸਭ ਨੂੰ ਰਾਜ਼ੀ ਕਰਨ ਦੀ ਤਿਆਰੀ ਕਰ ਰਹੀ ਥੈਰੇਸਾ ਨੂੰ ਇਸ ਖਬਰ ਤੋਂ ਰਾਹਤ ਮਿਲੀ ਹੈ ਕਿ ਯੂਰਪ ਇਸ ਸਮਝੌਤੇ ਲਈ ਇਕ ਸੰਮੇਲਨ ਦੀ ਤਿਆਰੀ ਵਿਚ ਹੈ। ਉਸ ਦਾ ਸੰਕਟ ਉਸ ਸਮੇਂ ਵੱਧ ਗਿਆ, ਜਦੋਂ ਰਾਬ ਨੇ ਕਿਹਾ ਕਿ ਉਹ ਸਮਝੌਤੇ ਦੇ ਖਰੜੇ ਦੀ ਹਮਾਇਤ ਨਹੀਂ ਕਰ ਸਕਦੇ। ਐਲਾਨ ਪੱਤਰ ਵਿਚ ਅਸੀਂ ਦੇਸ਼ ਨਾਲ ਜੋ ਵਾਅਦੇ ਕੀਤੇ, ਤੋਂ ਬਾਅਦ ਪ੍ਰਸਤਾਵਿਤ ਖਰੜੇ ਦੀਆਂ ਸ਼ਰਤਾਂ 'ਤੇ ਸਮਝੌਤਾ ਨਹੀਂ ਹੋ ਸਕਦਾ।


## ਓਜ਼ੋਨ ਪਰਤ ਦੇ ਸੁਧਾਰ ਨਾਲ ਦੁਨੀਆ ਭਰ ਵਿੱਚ ਆਸਾਂ ਜਾਗੀਆਂ

ਵਾਸ਼ਿੰਗਟਨ, 15 ਨਵੰਬਰ (ਪੋਸਟ ਬਿਊਰੋ)- ਪਿਛਲੇ ਕਈ ਸਾਲਾਂ ਤੋਂ ਓਜ਼ੋਨ ਪਰਤ ਵਿੱਚ ਛੇਕ ਦੀਆਂ ਖਬਰਾਂ ਆਉਂਦੀਆਂ ਰਹੀਆਂ ਹਨ, ਪਰ ਇਸ ਵਾਰੀ ਧਰਤੀ ਦਾ ਸੁਰੱਖਿਆ ਕਵਚ ਕਹੇ ਜਾਣ ਵਾਲੇ ਓਜ਼ੋਨ ਪਰਤ ਵਿੱਚ ਸੁਖਾਵਾਂ ਬਦਲ ਦੇਖਿਆ ਗਿਆ ਹੈ। ਇਸ ਸੁਧਾਰ ਨਾਲ ਵਿਗਿਆਨਿਕ ਉਮੀਦ ਪ੍ਰਗਟਾ ਰਹੇ ਹਨ ਕਿ ਵਾਤਾਵਰਣ ਬਚਾਇਆ ਜਾ ਸਕੇਗਾ। ਯੂ ਐਨ ਦੀ ਇਕ ਰਿਪੋਰਟ ਵਿੱਚ ਇਸ ਸਫਲਤਾ ਦੀ ਪ੍ਰਸ਼ੰਸਾ ਕੀਤੀ ਗਈ ਹੈ।

ਵਾਤਾਵਰਨ ਮਾਹਰਾਂ ਦੇ ਮੁਤਾਬਕ ਸਾਲ 2000 ਤੋਂ ਓਜ਼ੋਨ ਪਰਤ ਵਿੱਚ ਦੋ ਫੀਸਦੀ ਦਰ ਨਾਲ ਸੁਧਾਰ ਹੋ ਰਿਹਾ ਹੈ। ਆਸ ਕੀਤੀ ਜਾ ਰਹੀ ਹੈ ਕਿ ਸਦੀ ਦੇ ਅੱਧ ਤੱਕ ਇਹ ਪਰਤ ਪੂਰੀ ਤਰ੍ਹਾਂ ਠੀਕ ਹੋ ਜਾਵੇਗੀ। ਯੂ ਐਨ ਦੀ ਇਕ ਰਿਪੋਰਟ ਦੇ ਮੁਤਾਬਕ ਜੇ ਇਹ ਦਰ ਕਾਇਮ ਰਹੀ ਤਾਂ 2030 ਤੱਕ ਉਤਰੀ ਅਰਧ ਗੋਲਾ ਅਤੇ 2050 ਤੱਕ ਦੱਖਣੀ ਅਰਧ ਗੋਲਾ ਪੂਰੀ ਤਰ੍ਹਾਂ ਠੀਕ ਹੋ ਜਾਵੇਗਾ। ਰਿਪੋਰਟ ਮੁਤਾਬਕ ਅੰਟਾਰਕਟਿਕਾ ਦੇ ਉਪਰ ਉਤਰੀ ਅਮਰੀਕਾ ਜਿੰਨੇ ਵੱਡੇ ਆਕਾਰ ਦੇ ਛੇਕ ਨੂੰ ਭਰਨ ਵਿੱਚ 2060 ਤੱਕ ਦਾ ਸਮਾਂ ਲੱਗੇਗਾ। ਹਾਲ ਹੀ ਵਿੱਚ ਇਕਵਾਡੋਰ ਮਾਨੀਟ੍ਰੀਅਲ ਪ੍ਰੋਟੋਕਾਲ ਨੂੰ ਲੈ ਕੇ 30ਵੀਂ ਬੈਠਕ ਵਿੱਚ ਵਾਤਾਵਰਨ ਨਾਲ ਜੁੜੇ ਫੈਸਲਿਆਂ ਨੂੰ ਮਜ਼ਬੂਤੀ ਨਾਲ ਲਾਗੂ ਕਰਨ 'ਤੇ ਸਹਿਮਤੀ ਬਣੀ ਸੀ। ਇਹ ਪ੍ਰੋਟੋਕਾਲ ਓਜ਼ੋਨ ਪਰਤ ਦੀ ਸੁਰੱਖਿਆ ਲਈ ਬਣੇ ਗਲੋਬਲ ਸਮਝੌਤਾ ਦਾ ਹਿੱਸਾ ਹੈ। ਇਸ ਦੇ ਨਾ ਹੋਣ 'ਤੇ ਓਜ਼ੋਨ ਦੀ ਪਰਤ ਦੇ 2065 ਤੱਕ ਖਤਮ ਹੋਣ ਦਾ ਮੁਲਾਂਕਣ ਕੀਤਾ ਗਿਆ ਸੀ।

# ਪੰਕਜ ਅਡਵਾਨੀ ਦਾ ਵੱਡਾ ਕਾਰਨਾਮਾ, 20ਵਾਂ ਵਿਸ਼ਵ ਖਿਤਾਬ ਵੀ ਜਿੱਤਿਆ





ਨਵੀਂ ਦਿੱਲੀ, 15 ਨਵੰਬਰ (ਪੋਸਟ ਬਿਊਰੋ)- ਭਾਰਤ ਦੇ ਦਿੱਗਜ ਕਿਊ ਖਿਡਾਰੀ ਪੰਕਜ ਅਡਵਾਨੀ ਨੇ ਵੀਰਵਾਰ 150-ਅਪ ਫਾਰਮੇਟ ਵਿਚ ਅਪਣਾ ਲਗਾਤਾਰ ਤੀਜਾ ਆਈ ਬੀ ਐਸ ਐਫ ਬਿਲੀਅਰਡਸ ਖਿਤਾਬ ਜਿੱਤਿਆ, ਜਿਸ ਦੇ ਨਾਲ ਉਨ੍ਹਾਂ ਦੇ ਕੁੱਲ ਵਿਸ਼ਵ ਖਿਤਾਬਾਂ ਦੀ ਗਿਣਤੀ 20 ਹੋ ਗਈ ਹੈ।

ਬੈਂਗਲੁਰੂ ਦੇ 33 ਸਾਲਾ ਅਡਵਾਨੀ ਨੇ ਬੇਹੱਦ ਰੋਮਾਂਚਕ ਫਾਈਨਲ ਵਿਚ ਮਿਆਂਮਾਰ ਦੇ ਨਾਏ ਥਵਾਏ ਓ ਨੂੰ ਹਰਾ ਦਿੱਤਾ ਹੈ। ਅਡਵਾਣੀ 150-ਅਪ ਫਾਰਮੈਟ ਵਿਚ ਖਿਤਾਬ ਤੋਂ ਤੁਰੰਤ ਪਿੱਛੋਂ ਲੰਬੇ ਫਾਰਮੈਟ ਵਿਚ ਹਿੱਸਾ ਲੈਣਗੇ। ਅਡਵਾਨੀ ਨੇ ਫਾਈਨਲ ਵਿਚ 6-2 (150-21, 0-151, 151-0, 4-151, 151-11, 150-81, 151-109, 151-0) ਨਾਲ ਜਿੱਤ ਹਾਸਲ ਕੀਤੀ। ਉਨ੍ਹਾਂ ਨੇ ਸੈਮੀਫਾਈਨਲ ਵਿਚ ਡੇਵਿਡ ਕੋਜ਼ੀਅਰ ਨੂੰ 5-0 (150-73, 152-17, 152-8, 151-4, 157-86) ਨਾਲ ਹਰਾਇਆ ਸੀ। ਮੇਜਬਾਨ ਦੇਸ਼ ਲਈ ਇਹ ਮਾਣ ਦਾ ਸਮਾਂ ਰਿਹਾ, ਕਿਉਂਕਿ ਉਸ ਦਾ ਖਿਡਾਰੀ ਪਹਿਲੀ ਵਾਰ ਖਿਤਾਬੀ ਮੁਕਾਬਲੇ ਵਿਚ ਖੇਡਿਆ। ਨਾਏ ਥਵਾਏ ਓ ਨੇ ਸੈਮੀਫਾਈਨਲ ਵਿਚ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਕਈ ਵਾਰ ਚੈਂਪੀਅਨ ਮਾਇਕ ਰਸੇਲ ਨੂੰ 5-2 ਨਾਲ ਹਾਰ ਦਿਤੀ ਸੀ। ਅਡਵਾਨੀ ਨੇ ਖਿਤਾਬ ਜਿੱਤਣ ਮਗਰੋਂ ਕਿਹਾ, 'ਇਹ ਜਿੱਤ ਮੇਰੇ ਲਈ ਬੇਹੱਦ ਖਾਸ ਹੈ। ਇਹ ਪਰਫੈਕਟ 20 ਹੈ ਤੇ ਮੈਨੂੰ ਖੁਸ਼ੀ ਹੈ ਕਿ ਮੈਂ ਹੋਰ ਖਿਤਾਬ ਜਿੱਤਣ ਦਾ ਭੁੱਖਾ ਹਾਂ। ਇਹ ਸੁਖਾਵਾਂ ਹੈ ਕਿ ਸਾਲਾਂ ਤੋਂ ਸਿਖਰ ਪੱਧਰ ਉੱਤੇ ਖੇਡਣ ਵਿਚ ਸਮਰੱਥਾਵਾਨ ਹਾਂ।' ਛੋਟੇ ਫਾਰਮੈਟ ਵਿਚ ਇਹ ਅਡਵਾਨੀ ਦੀ ਖਿਤਾਬੀ ਹੈਟਰਿਕ ਹੈ। ਅਡਵਾਨੀ ਨੇ 2016 ਵਿਚ ਅਪਣੇ ਗ੍ਰਹਿਨਗਰ ਬੈਂਗਲੁਰੂ ਅਤੇ ਫਿਰ ਪਿਛਲੇ ਸਾਲ ਦੋਹਾ ਵਿਚ ਵੀ ਇਹ ਖਿਤਾਬ ਜਿੱਤਿਆ ਸੀ।

## ਮਹੱਤਵ ਪੂਰਨ ਮੁੱਦਿਆਂ ਉੱਤੇ ਲਈ ਯਤਨ ਕਰ ਰਹੇ ਨੇ ਰਿਜ਼ਰਵ ਬੈਂਕ ਅਤੇ ਸਰਕਾਰ



ਨਵੀਂ ਦਿੱਲੀ, 15 ਨਵੰਬਰ (ਪੋਸਟ ਬਿਊਰੋ)- ਭਾਰਤੀ ਰਿਜ਼ਰਵ ਬੈਂਕ (ਆਰ ਬੀ ਆਈ) ਦੇ ਡਾਇਰੈਕਟਰ ਬੋਰਡ ਦੀ 19 ਨਵੰਬਰ ਦੀ ਬੈਠਕ ਤੋਂ ਪਹਿਲਾ ਸਰਕਾਰ ਅਤੇ ਕੇਂਦਰੀ ਬੈਂਕ ਕੁਝ ਮਹੱਤਵਪ ੂਰਨ ਮੁੱਦਿਆਂ 'ਤੇ ਸਹਿਮਤੀ ਬਣਾਉਣ ਦਾ ਯਤਨ ਕਰ ਰਹੇ ਹਨ। ਸੂਤਰਾਂ ਅਨੁਸਾਰ ਦੋਵਾਂ ਦਾ ਯਤਨ ਹੈ ਕਿ ਖਾਸ ਕਰਕੇ ਕਮਜ਼ੋਰ ਬੈਂਕਾਂ 'ਤੇ ਲਾਗੂ ਜਲਦ ਸੁਧਾਰ ਦੀ ਕਾਰਵਾਈ (ਪੀ ਸੀ ਏ) ਦੀਆਂ ਰੋਕਾਂ ਵਿੱਚ ਢਿੱਲ ਦੇਣ ਅਤੇ ਬਹੁਤ ਛੋਟੇ, ਛੋਟੇ ਅਤੇ ਘਰੇਲੂ ਉਦਯੋਗਾਂ (ਐਮ ਐਸ ਐਮ ਈ) ਖੇਤਰ ਲਈ ਕਰਜ਼ ਦੇ ਨਿਯਮਾਂ ਨੂੰ ਸਰਲ ਬਣਾਉਣ ਬਾਰੇ ਸਹਿਮਤੀ ਦੇ ਹੱਲ ਤੈਅ ਕੀਤੇ ਜਾ ਸਕਣ।

ਜਾਣਕਾਰ ਸੂਤਰਾਂ ਮੁਤਾਬਕ ਬੋਰਡ ਦੀ ਇਸ ਬੈਠਕ ਵਿੱਚ ਪੀ ਸੀ ਏ ਰੂਪਰੇਖਾ ਉਤੇ ਕੋਈ ਸਹਿਮਤੀ ਅਗਲੇ ਕੁਝ ਹਫਤਿਆਂ ਵਿੱਚ ਜ਼ਰੂਰ ਬਣ ਜਾਵੇਗੀ। ਵਿੱਤ ਮੰਤਰਾਲਾ ਲਗਾਤਾਰ ਇਸ ਦਾ ਦਬਾਅ ਬਣਾ ਰਿਹਾ ਹੈ। ਜੇ ਪੀ ਸੀ ਏ ਨਿਯਮਾਂ ਨੂੰ ਸਰਲ ਕਰ ਦਿੱਤਾ ਜਾਂਦਾ ਹੈ ਤਾਂ ਕਈ ਬੈਂਕ ਇਸ ਵਿੱਤ ਸਾਲ ਦੇ ਅੰਤ ਤੱਕ ਪੀ ਸੀ ਦੀ ਰੋਕ ਤੋਂ ਬਾਹਰ ਆ ਜਾਣਗੇ। ਜਨਤਕ ਖੇਤਰ ਦੇ 21 ਬੈਂਕਾਂ ਵਿੱਚੋਂ 11 ਉੱਤੇ ਆਰ ਬੀ ਆਈ ਨੇ ਪੀ ਸੀ ਏ ਸ਼ਿਕੰਜਾ ਕੱਸ ਰੱਖਿਆ ਹੈ, ਜਿਸ ਦੇ ਤਹਿਤ ਉਨ੍ਹਾਂ ਨੂੰ ਕਰਜ਼ ਸਵੀਕਾਰ ਕਰਨ 'ਤੇ ਕਈ ਤਰ੍ਹਾਂ ਦੀ ਰੋਕ ਲਗੀ ਹੋਈ ਹੈ। ਸੂਤਰਾਂ ਨੇ ਕਿਹਾ ਕਿ ਰਿਜ਼ਰਵ ਬੈਂਕ ਐਮ ਐਸ ਐਮ ਈ ਖੇਤਰ ਲਈ ਕਰਜ਼ ਦੇ ਨਿਯਮਾਂ ਨੂੰ ਸਰਲ ਕਰਨ 'ਤੇ ਸਹਿਮਤ ਹੋ ਸਕਦਾ ਹੈ।

Jobs Jobs Jobs

General Labour/ Drivers/ Window Assemblers & Machine Operators

ਅੱਜ ਆਓ ਤੇ ਕੱਲ ਕੰਮ ਤੇ ਜਾਓ

- Full time/Part time workers Needed
- Morning & Afternoon Shifts Available
- 12 ਘੰਟੇ ਦੀਆਂ Shifts Available ਹਨ
- 7 ਦਿਨ ਕੰਮ ਉਪਲਬੱਧ ਹੈ।
- ਦਿਨ ਅਤੇ ਰਾਤ ਦੀਆਂ ਸਾਰੀਆਂ Shifts Available ਹਨ
- ਕੰਮ ਦੀ ਟ੍ਰੇਨਿੰਗ ਪਹਿਲਾਂ ਦਿਤੀ ਜਾਵੇਗੀ

ਜਿਆਦਾ ਜਾਣਕਾਰੀ ਲਈ ਸੰਪਰਕ ਕਰੋ:-
416.618.6030/416 477 3344
2355 Derry Rd E, Unit #20, 2nd Floor, Mississauga
Torbram/Derry intersection ਦੇ ਨੇੜੇ

7STAR IMMIGRATION

ਵੀਜ਼ਾ ਤੇ ਇਮੀਗ੍ਰੇਸ਼ਨ ਦੀਆਂ ਸੇਵਾਵਾਂ
With Our Expert Team

ਜੇ ਹੋਰ ਪਾਸੋ ਯਤਨ ਕਰਕੇ ਥੱਕ ਚੁਕੇ ਹੋ, ਤਾਂ ਇਕ ਵਾਰੀ ਸੇਵਾ ਦਾ ਮੌਕਾ ਜ਼ਰੂਰ ਦਿਓ!

- Spousal Sponsorship
- Study Visa
- Express Entry
- Work Visa
- Visitor Visa
- Super Visa
- Citizenship
- PR Card Renewal
- Caregiver Program
- Atlantic Pilot Program
- Study Permit Extension
- PNP Application
- Work Permit Extension
- LMIA Application
- Spousal Work Permit
- Multiple Visa
- Parent Sponsorship
- Grandparents Sponsorship

Simrat Nijjar
Regulated Canadian Immigration Consultant
Ph:(905) 846-0707
Fax:(905)497-0706

Visit us online: www.7starimmigration.ca or email us at: info@7starimmigration.ca
1625 Steeles Ave E., Unit 17A, Brampton, ON L6T 4T7
Main Intersection- Steeles & Advance Blvd.

# ਸੰਪਾਦਕੀ

## ਉਂਟੇਰੀਓ ਫਾਲ ਸਟੇਟਮੈਂਟ, ਪੈਟਰਿਕ ਬਰਾਊਨ ਅਤੇ ਗਰਮ ਹਵਾਵਾਂ

ਜੇ ਕੱਲ ਦੇ ਬੀਤੇ ਦਿਨ ਨੂੰ ਬਿਆਨ ਕਰਨਾ ਹੋਵੇ ਤਾਂ ਆਕਸਫੋਰਡ ਡਿਕਸ਼ਨਰੀ ਬਾਰੇ ਚੱਲਦੀਆਂ ਖਬਰਾਂ ਪੜਨਾ ਕਾਫੀ ਹੋਵੇਗਾ। ਦੁਨੀਆਂ ਦੀਆਂ ਸੱਭ ਤੋਂ ਵਿਖਿਆਤ ਡਿਕਸ਼ਨਰੀਆਂ ਵਿੱਚੋਂ ਇੱਕ ਆਕਸਫੋਰਡ ਹਰ ਸਾਲ 'ਵਰ੍ਹੇ ਦਾ ਚੋਣਵਾਂ ਸ਼ਬਦ' (word of the year) ਐਲਾਨ ਕਰਦੀ ਹੁੰਦੀ ਹੈ। ਇਸ ਸਾਲ Toxic ਸ਼ਬਦ ਨੂੰ word of the year ਐਲਾਨਿਆ ਗਿਆ ਹੈ ਜਿਸਦਾ ਅਰਥ ਪੰਜਾਬੀ ਵਿੱਚ ਅਰਥ ਵਿਹੁਲਾ, ਜ਼ਹਿਰੀਲਾ, ਵਿਸ਼ੈਲਾ ਹੁੰਦਾ ਹੈ। ਕੱਲ ਦਾ ਦਿਨ ਉਂਟੇਰੀਓ ਦੀ ਸਿਆਸਤ ਵਿੱਚ ਕੁੱਝ ਇਹੋ ਜਿਹਾ ਹੀ ਰਿਹਾ।

ਕੱਲ ਉਹ ਦਿਨ ਸੀ ਜਦੋਂ ਉਂਟੇਰੀਓ ਸਰਕਾਰ ਵੱਲੋਂ ਫਾਲ ਇਕਾਨਮਿਕ ਸਟੇਟਮੈਂਟ (ਪੱਤਝੜ ਰੁੱਤ ਵਿੱਚ ਪੇਸ਼ ਕੀਤੀ ਜਾਣ ਵਾਲੀ ਸਰਕਾਰੀ ਆਰਥਕ ਪਾਲਸੀ) ਰੀਲੀਜ਼ ਕੀਤੀ ਜਾਣੀ ਸੀ। ਸਵੇਰ ਤੋਂ ਹੀ ਸਿਆਸੀ ਹਲਕਿਆਂ ਵਿੱਚ ਘੁਸਰ ਮੁਸਰ ਹੋਣ ਲੱਗ ਪਈ ਸੀ ਕਿ ਬੱਟਜ ਘਾਟੇ ਨੂੰ ਘੱਟ ਕਰਨ ਦੀ ਆਸ ਵਿੱਚ ਵਿੱਤ ਮੰਤਰੀ ਵੱਲੋਂ ਕਿਸ ਮੰਤਰਾਲੇ ਦੇ ਕਿੰਨੇ ਡਾਲਰਾਂ ਦੀ ਕਟੌਤੀ ਕੀਤੀ ਜਾਵੇਗੀ। ਖਰਚਿਆਂ ਵਿੱਚ ਸੰਕੋਚੀ ਡੱਗ ਫੋਰਡ ਸਰਕਾਰ ਦਾ ਨਾਅਰਾ ਰਿਹਾ ਹੈ ਅਤੇ ਸਰਕਾਰ ਬਣਨ ਤੋਂ ਬਾਅਦ ਆਪਣੀ ਵਿੱਤੀ ਯੋਜਨਾ ਪੇਸ਼ ਕਰਨ ਦਾ ਇਹ ਪਹਿਲਾ ਮੌਕਾ ਸੀ ਜਿਸਨੂੰ ਆਮ ਕਰਕੇ ਮਿੰਨੀ ਬੱਜਟ ਕਿਹਾ ਜਾਂਦਾ ਹੈ। ਇਸਤੋਂ ਪਹਿਲਾਂ ਕਿ ਫਾਲ ਸਟੇਟਮੈਂਟ ਬਾਰੇ ਗੱਲਾਂ ਦਾ ਬਜ਼ਾਰ ਗਰਮ ਹੁੰਦਾ, ਅਗਲੇ ਹਫ਼ਤੇ ਰੀਲੀਜ਼ ਹੋਣ ਵਾਲੀ ਬਰੈਂਪਟਨ ਮੇਅਰ ਦੀ ਪੁਸਤਕ 'Take Down: the attempted Political Assassination of Patrick Brown' ਨੇ ਧਮਾਕੇ ਪਾਉਣੇ ਆਰੰਭ ਕਰ ਦਿੱਤੇ। ਕੁੱਝ ਚੋਣਵੇਂ ਅਖਬਾਰਾਂ ਨੂੰ ਅਗਾਊਂ ਰੀਲੀਜ਼ ਕੀਤੀ ਗਈ ਕਾਪੀ ਵਿੱਚੋਂ ਜੋ ਖਬਰਾਂ ਨਿਕਲੀਆਂ ਉਹਨਾਂ ਨੇ ਡੱਗ ਫੋਰਡ ਅਤੇ ਉਸਦੇ ਮੰਤਰੀਆਂ ਨੂੰ ਫਾਲ ਸਟੇਟਮੈਂਟ ਦੀ ਗੱਲ ਭੁਲਾ ਕੇ ਬੈਕਫੁੱਟ ਉੱਤੇ ਜਾ ਕੇ ਅਟੈਕ ਕਰਨ ਲਈ ਮਜ਼ਬੂਰ ਕਰ ਦਿੱਤਾ।

ਪੈਟਰਿਕ ਬਰਾਊਨ ਨੇ ਆਪਣੀ ਪੁਸਤਕ ਵਿੱਚ ਇਲਜ਼ਾਮ ਲਾਇਆ ਹੈ ਕਿ ਵਿੱਤ ਮੰਤਰੀ ਵਿੱਕ ਫਿਡੈਲੀ ਨੇ ਉਸ ਵੇਲੇ ਇੱਕ ਔਰਤ ਸਟਾਫ ਮੈਂਬਰ ਨਾਲ 'ਨਾਵਾਜਬ ਵਰਤਾਅ' ਕੀਤਾ ਸੀ ਜਦੋਂ ਉਹ ਖੁਦ ਪੀ ਸੀ ਪਾਰਟੀ ਦਾ ਨੇਤਾ ਹੁੰਦਾ ਸੀ। ਔਰਤ ਵੱਲੋਂ ਬੇਨਤੀ ਕਰਨ ਕਾਰਣ ਮਾਮਲੇ ਦੀ ਤਫ਼ਤੀਸ਼ ਨਹੀਂ ਕਰਵਾਈ ਗਈ। ਕੱਲ ਐਨ ਡੀ ਪੀ ਸਮੇਤ ਵਿਰੋਧੀ ਧਿਰਾਂ ਵਿੱਕ ਫਿਡੈਲੀ ਦੇ ਅਸਤੀਫੇ ਦੀ ਮੰਗ ਕਰਦੀਆਂ ਰਹੀਆਂ, ਡੱਗ ਫੋਰਡ ਥੰਮ ਬਣਕੇ ਫਿਡੈਲੀ ਦੀ ਪਿੱਠ ਪੂਰਦਾ ਰਿਹਾ। ਬਰਾਊਨ ਨੇ ਕਿਤਾਬ ਵਿੱਚ ਬੱਚਿਆਂ ਅਤੇ ਕਮਿਊਨਿਟੀ ਸੇਵਾਵਾਂ ਦੀ ਮੰਤਰੀ ਲੀਜ਼ਾ ਮੈਕਲਾਇਡ ਉੱਤੇ ਵੀ ਦੋਸ਼ ਲਾਏ ਹਨ ਕਿ ਉਸਨੇ ਨੌਮੀਨੇਸ਼ਨ ਜਿੱਤਣ ਵਾਸਤੇ ਹਮਦਰਦੀ ਹਾਸਲ ਕਰਨ ਲਈ ਖੁਦ ਨੂੰ ਮਾਨਸਿਕ ਸਿਹਤ ਦੀ ਮਰੀਜ਼ ਦੱਸਿਆ ਅਤੇ ਲੋਕਾਂ ਨੂੰ ਗੁਮਰਾਹ ਕੀਤਾ। ਮਾਨਸਿਕ ਸਿਹਤ ਨੂੰ ਸਿਆਸੀ ਰੰਗਤ ਦੇਣਾ ਕਾਫੀ ਨਾਜ਼ੁਕ ਅਤੇ ਗੰਭੀਰ ਮਾਮਲਾ ਹੈ ਜਿਸਤੋਂ ਪੈਟਰਿਕ ਬਰਾਊਨ ਨੂੰ ਲਾਭ ਹੋਣ ਦੀ ਥਾਂ ਨੁਕਸਾਨ ਹੋ ਸਕਦਾ ਹੈ। ਟੋਰੀ ਲੀਡਰਸ਼ਿੱਪ ਰੇਸ ਵਿੱਚ ਇਹ ਦੋਵੇਂ ਪੈਟਰਿਕ । ਬਰਾਊਨ ਦਾ ਵਿਰੋਧੀ ਉਮੀਦਵਾਰ ਸਨ।

ਵਿੱਤ ਮੰਤਰੀ ਦੁਆਰਾ ਦੁਪਿਹਰੇ ਜਾ ਕੇ ਰੀਲੀਜ਼ ਕੀਤੀ ਗਈ ਫਾਲ ਸਟੇਟਮੈਂਟ ਰੀਲੀਜ਼ ਵਿੱਚ 30 ਹਜ਼ਾਰ ਡਾਲਰ ਤੋਂ ਘੱਟ ਆਮਦਨ ਵਾਲੇ ਪਰਿਵਾਰਾਂ ਨੂੰ ਉਂਟੇਰੀਓ ਟੈਕਸ ਤੋਂ ਪੂਰੀ ਮੁਆਫੀ ਦਿੱਤਾ ਜਾਣਾ ਚੰਗੀ ਖ਼ਬਰ ਹੈ। ਇਸ ਨਾਲ ਘੱਟੋ ਘੱਟ ਆਮਦਨ ਵਾਲਿਆਂ ਨੂੰ 850 ਡਾਲਰ ਤੱਕ ਦਾ ਸਾਲਾਨਾ ਲਾਭ ਹੋਵੇਗਾ। ਪਰ ਖੱਬੇ ਪੱਖੀ ਧਿਰਾਂ ਲਿਬਰਲ ਅਤੇ ਐਨ ਡੀ ਪੀ ਇਸਨੂੰ 'ਅੱਖੀਂ ਘੱਟਾ' ਪਾਉਣ ਵਾਲੀ ਗੱਲ ਹੀ ਦੱਸ ਰਹੇ ਹਨ। ਸਰਕਾਰ ਨੇ ਦਾਅਵਾ ਕੀਤਾ ਹੈ ਕਿ ਪਬਲਿਕ ਸੈਕਟਰ ਵਿੱਚ ਸਰਕਾਰੀ ਨੌਕਰੀਆਂ ਵਿੱਚ ਭਰਤੀ ਘਟਾਉਣ, ਕੈਪ ਐਂਡ ਟਰੇਡ ਨੂੰ ਲਾਗੂ ਕਰਨ ਵਰਗੇ ਕਈ ਉੱਦਮਾਂ ਨੂੰ ਲਾਗੂ ਕਰਕੇ ਸਰਕਾਰ ਨੇ ਆਪਣੇ ਮਹਿਜ਼ ਚਾਰ ਮਹੀਨਿਆਂ ਦੇ ਰਾਜ ਕਾਲ ਵਿੱਚ 3.2 ਬਿਲੀਅਨ ਡਾਲਰਾਂ ਦੀ ਬੱਚਤ ਕੀਤੀ ਹੈ ਜਿਸ ਬਦੌਲਤ ਉਂਟੇਰੀਓ ਬੱਜਟ ਵਿੱਚ ਘਾਟਾ 14.5 ਬਿਲੀਅਨ ਡਾਲਰ ਰਹਿ ਗਿਆ ਹੈ।

ਅਗਲੇ ਕੁੱਝ ਦਿਨ ਪੈਟਰਿਕ ਬਰਾਊਨ ਦੀ ਪੁਸਤਕ ਅਤੇ ਫਾਲ ਸਟੇਟਮੈਂਟ ਦੇ ਨਤੀਜਿਆਂ ਪ੍ਰਤੀ ਗਰਮਾ ਗਰਮ ਬਹਿਸ ਭਰੇ ਹੋਣਗੇ। ਕੀ ਪੈਟਰਿਕ ਬਰਾਊਨ ਨੇ ਜਾਣਬੁੱਝ ਕੇ ਪੁਸਤਕ ਨੂੰ ਉਸ ਦਿਨ ਅਗਾਊਂ ਵਿੱਚ ਪਰੈੱਸ ਕੋਲ ਰੀਲੀਜ਼ ਕੀਤਾ ਜੋ ਵਿੱਕ ਫਿਡੈਲੀ ਲਈ ਸਰਕਾਰ ਬਣਨ ਤੋਂ ਬਾਅਦ ਸੱਭ ਤੋਂ ਮਹੱਤਵਪੂਰਣ ਦਿਨ ਸੀ? ਸਿਆਸੀ ਮੁਕਾਬਲੇਬਾਜ਼ੀ ਸਿਆਸਤ ਦਾ ਇੱਕ ਅਹਿਮ ਹਿੱਸਾ ਹੁੰਦੀ ਹੈ ਪਰ ਜਿਸ ਕਿਸਮ ਨਾਲ ਕੱਲ ਦਾ ਦਿਨ ਬੀਤਿਆ, ਅੰਦਾਜ਼ਾ ਲਾਉਣਾ ਔਖਾ ਨਹੀਂ ਹੈ ਕਿ ਅਗਲੇ ਦਿਨਾਂ ਵਿੱਚ ਸਿਆਸੀ ਹਵਾ ਕਿਹੋ ਜਿਹੀ ਚੱਲੇਗੀ? ਪਿਛਲੇ ਸਾਲ ਆਕਸਫੋਰਡ ਡਿਕਸ਼ਨਰੀ ਦਾ ਸੱਭ ਤੋਂ ਵੱਧ ਵਰਤਿਆ ਜਾਣਾ ਵਾਲਾ ਸ਼ਬਦ ਠੋਣਚਿ ਉਂਟੇਰੀਓ ਉੱਤੇ ਕੁੱਝ ਹੋਰ ਮਹੀਨੇ ਸਹੀ ਢੁੱਕਦਾ ਰਹਿਣ ਦੀ ਪੂਰੀ ਸੰਭਾਵਨਾ ਹੈ।

## ਸ਼੍ਰੀਲੰਕਾ ਦੀ ਪਾਰਲੀਮੈਂਟ ਜੰਗ ਦਾ ਅਖਾੜਾ ਬਣੀ



ਕੋਲੰਬੋ, 15 ਨਵੰਬਰ, (ਪੋਸਟ ਬਿਊਰੋ)- ਸ਼੍ਰੀਲੰਕਾ ਵਿਚ ਚੱਲਦੇ ਸਿਆਸੀ ਝਗੜੇ ਦੌਰਾਨ ਪਾਰਲੀਮੈਂਟ ਮਜਾਕ ਬਣ ਗਈ ਹੈ। ਅੱਜ ਇਸ ਪਾਰਲੀਮੈਂਟ ਵਿੱਚ ਸਿਆਸੀ ਝਗੜੇ ਵਿੱਚ ਸਪੀਕਰ ਉੱਤੇ ਡਸਟ ਬਿਨ ਤੇ ਕਿਤਾਬਾਂ ਤੱਕ ਸੁੱਟੀਆਂ ਗਈਆਂ। ਸ਼੍ਰੀਲੰਕਾ ਦੀ ਪਾਰਲੀਮੈਂਟ ਵਿਚ ਇਸ ਤਰ੍ਹਾਂ ਦੀ ਸਥਿਤੀ ਓਦੋਂ ਪੈਦਾ ਹੋਈ, ਜਦੋਂ ਸਰਕਾਰ ਤੇ ਵਿਰੋਧੀ ਧਿਰ ਦੇ ਪਾਰਲੀਮੈਂਟ ਮੈਂਬਰ ਆਪਸ ਵਿੱਚ ਇਕ-ਦੂਜੇ ਨਾਲ ਭਿੜ ਗਏ।
ਅਸਲ ਵਿੱਚ ਇਸ ਦਾ ਕਾਰਨ ਦੇਸ਼ ਦੇ ਨਵੇਂ ਨਿਯੁਕਤ ਕੀਤੇ ਪ੍ਰਧਾਨ ਮੰਤਰੀ ਮਹਿੰਦਰਾ ਰਾਜਪਕਸ਼ੇ ਦਾ ਬਿਆਨ ਸੀ, ਜਿਸ ਵਿਚ ਉਨ੍ਹਾਂ ਨੇ ਕਿਹਾ ਸੀ ਕਿ ਪਾਰਲੀਮੈਂਟ ਦੇ ਸਪੀਕਰ ਨੂੰ ਇਹ ਹੱਕ ਨਹੀਂ ਕਿ ਉਹ ਉਨ੍ਹਾਂ ਨੂੰ ਅਹੁਦੇ ਤੋਂ ਹਟਾ ਸਕੇ। ਇਸ ਬਿਆਨ ਕਾਰਨ ਪਾਰਲੀਮੈਂਟ ਜੰਗ ਦਾ ਮੈਦਾਨ ਬਣ ਗਈ। ਵਰਨਣ ਯੋਗ ਹੈ ਕਿ ਬੀਤੀ 15 ਨਵੰਬਰ ਨੂੰ ਰਾਜਪਕਸ਼ੇ ਨੇ ਪਾਰਲੀਮੈਂਟ ਵਿਚ ਅਪਣੀ ਸਰਕਾਰ ਦਾ ਬਹੁਮਤ ਸਾਬਤ ਕਰਨਾ ਸੀ, ਜਿਸ ਲਈ ਸੈਸ਼ਨ ਸੱਦਿਆ ਗਿਆ ਸੀ, ਪਰ ਜਦੋਂ ਸਪੀਕਰ ਕਾਰੂ ਜੈਸੂਰੀਆ ਨੇ ਕਿਹਾ ਕਿ ਦੇਸ਼ ਵਿਚ ਕੋਈ ਸਰਕਾਰ ਨਹੀਂ ਹੈ ਤੇ ਨਾ ਕੋਈ ਪ੍ਰਧਾਨ ਮੰਤਰੀ ਤਾਂ ਰਾਜਪਕਸ਼ੇ ਨੇ ਨਾਰਾਜ਼ਗੀ ਜ਼ਾਹਰ ਕਰਦਿਆਂ ਕਿਹਾ ਕਿ ਉਹ ਇਸ ਨਾਲ ਸਹਿਮਤ ਨਹੀਂ ਅਤੇ ਵੋਟਿੰਗ ਦੇ ਪੱਖ ਵਿਚ ਹਨ। ਉਨ੍ਹਾਂ ਕਿਹਾ ਕਿ ਦੇਸ਼ ਬਹੁਤ ਸੰਵੇਦਨਸ਼ੀਲ ਸਥਿਤੀ ਵਿਚ ਹੈ। ਇਸ ਲਈ ਬਿਨਾਂ ਵੋਟਿੰਗ ਦੇ ਬਿਆਨ ਦੇਣਾ ਦੇਸ਼ ਹਿੱਤ ਵਿਚ ਨਹੀਂ ਹੈ। ਉਨ੍ਹਾਂ ਇਹ ਵੀ ਕਿਹਾ ਕਿ ਜੈਸੂਰੀਆ ਕੋਲ ਕੋਈ ਅਧਿਕਾਰ ਨਹੀਂ ਕਿ ਉਹ ਮੈਨੂੰ ਪ੍ਰਧਾਨ ਮੰਤਰੀ ਅਹੁਦੇ ਤੋਂ ਅਤੇ ਮੇਰੀ ਕੈਬਨਿਟ ਮੰਤਰੀਆਂ ਨੂੰ ਬਰਖਾਸਤ ਕਰ ਸਕਣ। ਰਾਜਪਕਸ਼ੇ ਨੇ ਦੇਸ਼ ਵਿਚ ਨਵੀਆਂ ਚੋਣ ਕਰਾਉਣ ਤੇ ਸਿਆਸੀ ਅੜਿੱਕੇ ਦੂਰ ਕਰਨ ਲਈ ਸਾਰੀਆਂ ਸਿਆਸੀ ਧਿਰਾਂ ਅਪੀਲ ਕੀਤੀ, ਪਰ ਗੱਲ ਨਹੀਂ ਬਣੀ ਤੇ ਤਿੰਨ ਦਰਜਨ ਤੋਂ ਵੱਧ ਮੈਂਬਰ ਸਪੀਕਰ ਦੇ ਨੇੜੇ ਪਹੁੰਚ ਕੇ ਨਾਅਰੇਬਾਜ਼ੀ ਕਰਨ ਲੱਗ ਪਏ। ਫਿਰ ਪਾਰਲੀਮੈਂਟ ਮੈਂਬਰਾਂ ਵਿਚਾਲੇ ਝਗੜਾ ਸ਼ੁਰੂ ਹੋ ਗਿਆ ਤੇ ਉਨ੍ਹਾਂ ਨੇ ਸਪੀਕਰ ਨਾਲ ਬਦਤਮੀਜ਼ੀ ਸ਼ੁਰੂ ਕਰ ਦਿੱਤੀ। ਇਸ ਪਿੱਛੋਂ ਸਪੀਕਰ ਵੀ ਪਾਰਲੀਮੈਂਟ ਦੇ ਸਦਨ ਦੇ ਵਿਚਾਲੇ ਆ ਗਏ ਤੇ ਦੋਵਾਂ ਪੱਖਾਂ ਵਿਚਾਲੇ ਕਿਤਾਬਾਂ, ਬੋਤਲਾਂ ਅਤੇ ਡਸਟ ਬਿਨ ਸੁੱਟਣ ਦਾ ਕੰਮ ਸ਼ੁਰੂ ਹੋ ਗਿਆ।

ਪੰਜਾਬੀ ਪੋਸਟ
Canadian Punjabi Post
Head Office
27 Armthorpe Road, Unit # 3
Brampton, Ontario, L6T 5M4
Ph. 905-793-2202
Fax. 905-793-2282

| | |
|---|---|
| Founder Editor | - Jagdish Singh Grewal |
| Managing Director | - Parminder Kaur Grewal |
| Honorary Editor | - Jatinder Pannu |
| Contributing Editors | - Karam Singh Punia<br>- Gyan Singh<br>- Angrej Singh |
| Office Admin Assistant | - Priya Sodhi |
| Marketing Executives | - HS Nagpal<br>- Gurpreet Singh Pall<br>- |
| Photographer | - Kanwaljit Singh Kanwal |
| Distribution | - Aman Warriach |

Canadian Punjabi Post is published daily (Monday - Friday). All the advertisement contents are the responsibility of the advertisers. The opinions expressed in the articles and columns are those of the writers, editor or any other staff member of Canadian Punjabi Post assumes no responsibility of any kind.

## ਰਲੀਜ਼ ਹੋਣ ਤੋਂ ਪਹਿਲਾਂ ਹੀ ਧਮਾਕੇ ਕਰ ਰਹੀ ਹੈ ਪੈਟ੍ਰਿਕ ਬ੍ਰਾਊਨ ਦੀ ਕਿਤਾਬ

...ਪੰਨਾ 1 ਦਾ ਬਾਕੀ

ਪਰ ਬੁੱਧਵਾਰ ਨੂੰ ਹੀ ਪ੍ਰੀਮੀਅਰ ਨੇ ਵੀ ਟਵੀਟ ਕੀਤਾ ਕਿ ਕਿਤਾਬ ਵਿੱਚ ਬੋਲੇ ਗਏ ਝੂਠਾਂ ਤੋਂ ਘਿਣ ਆਉਂਦੀ ਹੈ। ਬ੍ਰਾਊਨ ਨੇ ਕਿਤਾਬ ਵਿੱਚ ਜ਼ਿਕਰ ਕੀਤਾ ਕਿ ਉਨ੍ਹਾਂ ਨਾਲ ਖੜ੍ਹੇ ਰਹਿਣ ਦੇ ਦਾਅਵੇ ਕਰਨ ਵਾਲਿਆਂ ਅਲੀਖਾਨ ਵੈਲਸੀ, ਡੈਨ ਰੌਬਰਟਸਨ, ਐਂਡਰਿਊ ਬੌਡਿੰਗਟਨ ਤੇ ਨਿੱਕ ਬਰਗਾਮਿਨੀ ਨੇ ਕਿਸ ਤਰ੍ਹਾਂ ਔਖੇ ਵੇਲੇ ਉਨ੍ਹਾਂ ਦੀ ਪਿੱਠ ਵਿੱਚ ਹੀ ਛੁਰਾ ਖੋਭ ਦਿੱਤਾ ਤੇ ਉਨ੍ਹਾਂ ਦਾ ਸਾਥ ਛੱਡ ਦਿੱਤਾ। ਉਨ੍ਹਾਂ ਆਖਿਆ ਕਿ ਉਸ ਸਮੇਂ ਉਹ ਇੱਕਲੇ ਪੈ ਗਏ ਸਨ। ਬ੍ਰਾਊਨ ਨੇ ਆਪਣੀ ਕਿਤਾਬ ਵਿੱਚ ਆਪਣੇ ਜਾਨਸ਼ੀਨ ਤੇ ਹੁਣ ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਉੱਤੇ ਵੀ ਤਿੱਖੇ ਹਮਲੇ ਕੀਤੇ ਹਨ। ਉਨ੍ਹਾਂ ਲਿਖਿਆ ਹੈ ਕਿ ਫੋਰਡ ਦੇ ਦੁਆਲੇ ਹਰਵੇਲੇ ਰਹਿਣ ਵਾਲਿਆਂ ਨੂੰ ਇਹ ਸਮਝ ਕਿਉਂ ਨਹੀਂ ਆਉਂਦੀ ਕਿ ਬਹੁਤੇ ਲੋਕਾਂ ਨੇ ਉਨ੍ਹਾਂ ਨੂੰ ਜਾਂ ਪੀਸੀ ਪਾਰਟੀ ਨੂੰ ਵੋਟ ਨਹੀਂ ਕੀਤਾ ਹੈ ਸਗੋਂ ਲੋਕਾਂ ਨੇ ਵਿੰਨ ਖਿਲਾਫ ਵੋਟ ਕੀਤਾ ਹੈ। ਪਾਰਟੀ ਕਿਸੇ ਵੀ ਉਮੀਦਵਾਰ ਨੂੰ ਖੜ੍ਹਾ ਕਰਦੀ ਤਾਂ ਉਸ ਨੇ ਜਿੱਤ ਹੀ ਜਾਣਾ ਸੀ। ਆਪਣੀ ਕਿਤਾਬ ਵਿੱਚ ਬ੍ਰਾਊਨ ਨੇ ਫੈਡੇਲੀ, ਲੀਜ਼ਾ ਮੈਕਲਿਓਡ ਤੇ ਗ੍ਰੈਨਿਕ ਐਲਨ ਦੇ ਭੇਤ ਖੋਲ੍ਹਣ ਦੀ ਵੀ ਕੋਸ਼ਿਸ਼ ਕੀਤੀ ਹੈ।

## ਅੱਠਵੀਂ ਜਮਾਤ ਦੇ ਬੱਚੇ ਨੇ ਫਾਹਾ ਲੈ ਕੇ ਜਾਨ ਦੇ ਦਿੱਤੀ

ਲੁਧਿਆਣਾ, 15 ਨਵੰਬਰ (ਪੋਸਟ ਬਿਊਰੋ)- ਅਮਨ ਨਗਰ, ਗਲੀ ਨੰਬਰ ਦੋ ਸਲੇਮ ਟਾਬਰੀ ਵਿਖੇ ਰਹਿਣ ਵਾਲੇ 14 ਸਾਲ ਦੇ ਲੜਕੇ ਨੇ ਕੱਲ੍ਹ ਸ਼ਾਮ ਫਾਹਾ ਲਾ ਕੇ ਖੁਦਕੁਸ਼ੀ ਕਰ ਲਈ। ਮ੍ਰਿਤਕ ਪ੍ਰਿਤਪਾਲ ਸਿੰਘ ਉਰਫ ਪਾਰਸ ਜੀ ਐਮ ਟੀ ਸਕੂਲ ਵਿੱਚ ਅੱਠਵੀਂ ਜਮਾਤ ਦਾ ਵਿਦਿਆਰਥੀ ਸੀ।
ਮਿਲੀ ਜਾਣਕਾਰੀ ਅਨੁਸਾਰ ਪਾਰਸ ਦੇ ਪਿਤਾ ਸੁਖਵਿੰਦਰ ਮਲਹੋਤਰਾ ਆੜ੍ਹਤੀ ਹਨ ਤੇ ਪਾਰਸ ਉਨ੍ਹਾਂ ਦੀ ਇਕਲੌਤੀ ਔਲਾਦ ਸੀ। ਪਾਰਸ ਸਵਾ ਤਿੰਨ ਵਜੇ ਦੇ ਕਰੀਬ ਸਕੂਲੋਂ ਘਰ ਆਇਆ ਅਤੇ ਆਪਣੇ ਕਮਰੇ ਵਿੱਚ ਚਲਾ ਗਿਆ। ਕੁਝ ਦੇਰ ਬਾਅਦ ਉਸ ਦੀ ਮਾਂ ਮੰਜੂ ਉਸ ਨੂੰ ਦੁਪਹਿਰ ਦੇ ਖਾਣੇ ਬਾਰੇ ਪੁੱਛਣ ਲਈ ਕਮਰੇ ਵਿੱਚ ਗਈ ਤਾਂ ਵੇਖਿਆ ਕਿ ਪਾਰਸ ਦਾ ਮ੍ਰਿਤਕ ਸਰੀਰ ਪੱਖੇ ਦੀ ਹੁੱਕ ਨਾਲ ਲਟਕ ਰਿਹਾ ਸੀ। ਮੰਜੂ ਨੇ ਅੰਦਰ ਦਾ ਮਾਜਰਾ ਵੇਖ ਚੀਕਾਂ ਮਾਰੀਆਂ। ਉਸ ਦੀ ਆਵਾਜ਼ ਸੁਣ ਕੇ ਗੁਆਂਢੀ ਵੀ ਆ ਗਏ। ਉਨ੍ਹਾਂ ਪਾਰਸ ਨੂੰ ਫਾਹੇ ਤੋਂ ਲਾਹਿਆ ਤੇ ਹਸਪਤਾਲ ਲੈ ਗਏ, ਜਿਥੋਂ ਉਸ ਨੂੰ ਦਯਾਨੰਦ ਹਸਪਤਾਲ ਲਿਆਂਦਾ ਗਿਆ। ਜਾਂਚ ਕਰਨ ਪਿੱਛੋਂ ਡਾਕਟਰਾਂ ਨੇ ਪਾਰਸ ਨੂੰ ਮ੍ਰਿਤਕ ਐਲਾਨ ਦਿੱਤਾ। ਥਾਣਾ ਸਲੇਮ ਟਾਬਰੀ ਪੁਲਸ ਨੇ ਮੌਕੇ 'ਤੇ ਪੁੱਜ ਕੇ ਪੜਤਾਲ ਸ਼ੁਰੂ ਕਰ ਦਿੱਤੀ ਹੈ। ਸਹਾਇਕ ਥਾਣੇਦਾਰ ਬਲਜੀਤ ਸਿੰਘ ਮੁਤਾਬਕ ਸ਼ੁਰੂਆਤੀ ਜਾਂਚ ਵਿੱਚ ਕੋਈ ਖੁਦਕੁਸ਼ੀ ਨੋਟ ਬਰਾਮਦ ਨਹੀਂ ਹੋਇਆ ਅਤੇ ਨਾ ਹੀ ਆਤਮ ਹੱਤਿਆ ਦੇ ਕਾਰਨਾਂ ਬਾਰੇ ਪਰਵਾਰ ਨੇ ਕੋਈ ਸ਼ੱਕ ਪ੍ਰਗਟ ਕੀਤਾ ਹੈ ਕਿ ਪਾਰਸ ਨਾਲ ਸਕੂਲ ਵਿੱਚ ਕੋਈ ਅਜਿਹੀ ਘਟਨਾ ਹੋਈ ਹੋਵੇ, ਜਿਸ ਕਾਰਨ ਬੱਚਾ ਨਿਰਾਸ਼ ਹੋਇਆ ਹੋਵੇ, ਅਜਿਹਾ ਵੀ ਅਜੇ ਤੱਕ ਕੁਝ ਸਾਹਮਣੇ ਨਹੀਂ ਆਇਆ।

## ਨੌਜਵਾਨ ਪੀੜ੍ਹੀ, ਮੋਬਾਈਲ ਤੇ ਸੋਸ਼ਲ ਮੀਡੀਆ

-ਡਾ. ਸੀ ਪੀ ਕੰਬੋਜ-

ਮੋਬਾਈਲ ਫੋਨ ਦੀ ਭੈੜੀ ਬਿਮਾਰੀ ਕਾਰਨ ਪਰਵਾਰ ਟੁੱਟਦੇ ਜਾ ਰਹੇ ਹਨ। ਅਜੋਕੀ 'ਹਾਈਟੈਕ' ਪੀੜ੍ਹੀ ਪੂਰਾ ਦਿਨ ਆਨਲਾਈਨ ਰਹਿਣਾ ਚਾਹੁੰਦੀ ਹੈ। ਬੱਚੇ ਤੇ ਨੌਜਵਾਨ ਰੋਟੀ ਪਾਣੀ ਦੀ ਪ੍ਰਵਾਹ ਕੀਤੇ ਬਿਨਾਂ ਪੂਰਾ-ਪੂਰਾ ਦਿਨ ਵੀਡੀਓ ਗੇਮਾਂ ਵਿੱਚ ਲੱਗੇ ਰਹਿੰਦੇ ਹਨ। ਉਨ੍ਹਾਂ ਨੂੰ ਆਟੇ ਤੋਂ ਵੱਧ ਫਿਕਰ ਡੇਟਾ ਦਾ ਹੁੰਦਾ ਹੈ। ਇੰਟਰਨੈਟ ਕੁਨੈਕਸ਼ਨ ਨੇ ਬਚਪਨ 'ਤੇ ਵਾਢਾ ਲਾ ਦਿੱਤਾ ਹੈ। ਮਾਪੇ ਵੀ ਬੱਚੇ ਨੂੰ ਆਹਰੇ ਲਾਉਣ ਲਈ ਝੱਟ ਆਪਣਾ ਫੋਨ ਫੜਾ ਦਿੰਦੇ ਹਨ। ਮੋਬਾਈਲ ਦੀ ਆਦਤ ਹਰੇਕ ਵਰਗ ਦੇ ਲੋਕਾਂ ਨੂੰ ਪੈ ਚੁੱਕੀ ਹੈ, ਜਿਸ ਕਾਰਨ ਪਰਵਾਰ ਟੁੱਟ ਰਹੇ ਹਨ।
ਉਪਰੋਂ ਸੋਸ਼ਲ ਮੀਡੀਆ ਦਾ ਮਿੱਠਾ ਜ਼ਹਿਰ ਸਾਡੇ ਦਿਮਾਗ 'ਤੇ ਪ੍ਰਭਾਵ ਛੱਡ ਰਿਹਾ ਹੈ। ਨੌਜਵਾਨ 'ਫਰੈਂਡ ਲਿਸਟ' ਵਾਲੇ ਦੋਸਤਾਂ ਨਾਲ ਚੈਟਿੰਗ ਵਿੱਚ ਰੁੱਝੇ ਰਹਿੰਦੇ ਹਨ, ਪਰ ਅਸਲ ਜ਼ਿੰਦਗੀ ਵਿੱਚ ਦੋਸਤਾਂ ਰਿਸ਼ਤੇਦਾਰਾਂ ਲਈ ਵਿਹਲ ਨਹੀਂ। ਨੌਜਵਾਨ ਆਪਣੀਆਂ ਸੈਲਫੀਆਂ ਸੋਸ਼ਲ ਮੀਡੀਆ 'ਤੇ ਪਾ ਕੇ, ਫਿਰ ਲਾਈਕ ਅਨਲਾਈਕ ਦੀ ਗਿਣਤੀ ਮਿਣਤੀ ਵਿੱਚ ਲੱਗੇ ਰਹਿੰਦੇ ਹਨ। ਸੁਲਝੇ ਹੋਏ ਲੋਕ ਆਪਣੇ ਫੋਨ 'ਤੇ ਸਿਰਫ ਕੰਮ ਦੀਆਂ ਐਪਜ਼ ਹੀ ਵਰਤਦੇ ਹਨ, ਪਰ ਬਹੁ ਗਿਣਤੀ ਉਨ੍ਹਾਂ ਵਰਤੋਂ ਕਾਰਾਂ ਦੀ ਹੈ, ਜੋ ਪੂਰਾ ਦਿਨ ਫਾਲਤੂ ਦੀਆਂ ਐਪਜ਼ 'ਤੇ ਆਪਣਾ ਅਮੁੱਲ ਸਮਾਂ ਬਰਬਾਦ ਕਰਦੇ ਹਨ। ਵਟਸਐਪ 'ਤੇ ਬੇਤੁਕੇ ਸੁਨੇਹਿਆਂ, ਤਸਵੀਰਾਂ ਤੇ ਵੀਡੀਓਜ਼ ਦਾ ਹੜ੍ਹ ਕੀਮਤੀ ਸਮਾਂ ਰੋੜ੍ਹ ਕੇ ਲੈ ਜਾਂਦਾ ਹੈ। ਇੰਟਰਨੈਟ ਦੀ ਵਰਤੋਂ ਕਰਨ ਵਿੱਚ ਚੀਨ ਦਾ ਪਹਿਲਾ ਸਥਾਨ ਹੈ। ਭਾਰਤ ਸਭ ਤੋਂ ਵੱਧ ਇੰਟਰਨੈਟ ਵਰਤਣ ਵਾਲਾ ਸੰਸਾਰ ਦਾ ਦੂਜਾ ਦੇਸ਼ ਹੈ। ਇਕ ਅਨੁਮਾਨ ਅਨੁਸਾਰ ਸਾਲ 2020 ਤੱਕ ਭਾਰਤ ਦੇ 73 ਕਰੋੜ ਲੋਕ ਇੰਟਰਨੈਟ ਦੀ ਵਰਤੋਂ ਕਰਨਗੇ, ਜੋ ਬਹੁਤ ਵੱਡਾ ਅੰਕੜਾ ਹੈ। ਮੋਬਾਈਲ ਫੋਨ ਕਈ ਬਿਮਾਰੀਆਂ ਨੂੰ ਜਨਮ ਦਿੰਦਾ ਹੈ। ਇਸ ਵਿੱਚ 'ਈ-ਕੋਲਾਈ' ਨਾਂ ਦਾ ਵਾਇਰਸ ਪਾਇਆ ਜਾਂਦਾ ਹੈ। ਕਈ ਫੋਨ ਇਕ ਤੋਂ ਵੱਧ ਵਿਅਕਤੀਆਂ ਵੱਲੋਂ ਵਰਤੇ ਜਾਂਦੇ ਹਨ ਤੇ ਕਈ ਪਖਾਨੇ ਵਿੱਚ ਵੀ ਮੋਬਾਈਲ ਲੈ ਜਾਂਦੇ ਹਨ, ਜਿਸ ਕਾਰਨ ਇਸ 'ਤੇ ਕੀਟਾਣੂ ਲੱਗ ਜਾਂਦੇ ਹਨ। ਕਈਆਂ ਨੂੰ ਸ਼ਾਂਤ ਪਏ ਫੋਨ ਵਿੱਚੋਂ ਵੀ ਘੰਟੀ ਦੀ ਆਵਾਜ਼ ਜਾਂ ਮੈਸੇਜ ਆਉਣ ਦਾ ਭਰਮ ਹੁੰਦਾ ਹੈ, ਜਿਸ ਕਾਰਨ ਉਹ ਵਾਰ-ਵਾਰ ਆਪਣੇ ਫੋਨ ਨੂੰ ਵੇਖਦੇ ਰਹਿੰਦੇ ਹਨ। ਭਰਮ ਦੀ ਇਸ ਬਿਮਾਰੀ ਨੂੰ 'ਫੋਨੋਫੋਬੀਆ' ਕਿਹਾ ਜਾਂਦਾ ਹੈ। ਫੋਨ ਉਤੇ ਨਿਰਭਰਤਾ ਕਾਰਨ ਲੋਕ ਦਿਮਾਗ ਅਤੇ ਸਰੀਰਕ ਸਮਰੱਥਾ ਦੀ ਘੱਟ ਵਰਤੋਂ ਕਰਦੇ ਹਨ, ਜਿਸ ਕਾਰਨ ਸਿਹਤ 'ਤੇ ਮਾੜਾ ਅਸਰ ਪੈਂਦਾ ਹੈ। ਸੈਲਫੀਆਂ ਲੈਣ ਜਾਂ ਕੰਨ ਨੂੰ ਫੋਨ ਜਾਂ ਈਅਰਫੋਨ ਲਾ ਕੇ ਸੜਕ 'ਤੇ ਚੱਲਦੇ ਕਈ ਵਿਅਕਤੀ ਆਪਣੀਆਂ ਜਾਨਾਂ ਗੁਆ ਬੈਠੇ ਹਨ। ਕੰਨਾਂ ਵਿੱਚ ਈਅਰ ਫੋਨ ਲਾ ਕੇ ਗੀਤ ਸੰਗੀਤ ਸੁਣਦਿਆਂ ਦੋ ਪਹੀਆ ਵਾਹਨ ਚਲਾਉਣਾ 'ਬੋਲੇਪਣ' ਨੂੰ ਸੱਦਾ ਦੇਣ ਵਾਂਗ ਹੈ। ਅਜਿਹੀ ਸਥਿਤੀ ਵਿੱਚ ਥੱਲੇ ਡਿੱਗਣ ਨਾਲ ਕੰਨ ਦਾ ਪਰਦਾ ਵੀ ਪਾਟ ਸਕਦਾ ਹੈ।
ਮਨੁੱਖ ਚਾਰੇ ਪਾਸੇ ਫੈਲੀਆਂ ਮਾਰੂ ਮੋਬਾਈਲ ਤਰੰਗਾਂ ਜਾਂ ਬਿਜਲ ਚੁੰਬਕੀ ਤਰੰਗਾਂ ਦੇ ਸਾਏ ਹੇਠ ਜੀਉਂਦਾ ਹੈ। ਅਸੀਂ ਜਿਹੜੇ ਸਮਾਰਟਫੋਨ, ਲੈਪਟੌਪ, ਕੰਪਿਊਟਰ, ਮਾਈਕ੍ਰੋਵੇਵ ਓਵਨ ਆਦਿ ਵਰਤਦੇ ਹਾਂ, ਉਹ ਅਜਿਹੀਆਂ ਤਰੰਗਾਂ ਛੱਡਦੇ ਹਨ, ਜਿਨ੍ਹਾਂ ਦਾ ਅਸਰ ਦੋ ਤੋਂ ਤਿੰਨ ਫੁੱਟ ਦੇ ਘੇਰੇ ਵਿੱਚ ਘਾਤਕ ਹੁੰਦਾ ਹੈ। ਇਹ ਬੱਚਿਆਂ, ਬਜ਼ੁਰਗਾਂ ਤੇ ਗਰਭਵਤੀ ਔਰਤਾਂ ਲਈ ਵੱਧ ਖਤਰਨਾਕ ਹਨ। ਖੋਜਾਂ ਦੇ ਅੰਕੜੇ ਦੱਸਦੇ ਹਨ ਕਿ ਜੇ ਅਸੀਂ ਸਮਾਰਟ ਫੋਨ ਜਾਂ ਕਿਸੇ ਹੋਰ ਇਲੈਕਟ੍ਰਾਨਿਕ ਯੰਤਰ ਨੂੰ 10-15 ਮਿੰਟ ਤੱਕ ਆਪਣੇ ਸਰੀਰ ਦੇ ਸੰਪਰਕ ਨਾਲ ਰੱਖਦੇ ਹਾਂ ਤਾਂ ਉਸ ਹਿੱਸੇ ਦਾ ਤਾਪਮਾਨ ਦੋ ਡਿਗਰੀ ਸੈਲਸੀਅਸ ਤੱਕ ਵਧ ਜਾਂਦਾ ਹੈ। ਕਈ ਲੋਕ ਲੈਪਟੌਪ ਨੂੰ ਗੋਦ ਜਾਂ ਲੱਤਾਂ 'ਤੇ ਰੱਖ ਕੇ ਚਲਾਉਂਦੇ ਹਨ। ਇਸ ਨਾਲ ਕੈਂਸਰ ਤੇ ਦਿਲ ਦੀਆਂ ਬਿਮਾਰੀਆਂ ਵਧੀਆਂ ਹਨ। ਮਾਹਰਾਂ ਅਨੁਸਾਰ ਇਨ੍ਹਾਂ ਕਾਰਨਾਂ ਕਰਕੇ ਸਾਡੀ ਔਸਤ ਉਮਰ ਵੀ ਘੱਟ ਰਹੀ ਹੈ।

## 10 ਹਜ਼ਾਰ ਰੁਪਏ ਰਿਸ਼ਵਤ ਲੈਂਦਾ ਬੀ ਡੀ ਪੀ ਓ ਵਿਜੀਲੈਂਸ ਦੇ ਹੱਥੇ ਚੜ੍ਹਿਆ

ਲੋਹੀਆਂ ਖਾਸ, 15 ਨਵੰਬਰ (ਪੋਸਟ ਬਿਊਰੋ)- ਡੇਢ ਮਹੀਨਾ ਪਹਿਲਾਂ ਰਿਟਾਇਰ ਹੋਏ ਪੰਚਾਇਤ ਸਕੱਤਰ ਮਨਮੋਹਨ ਸਿੰਘ ਪੁੱਤਰ ਮਹਿੰਦਰ ਸਿੰਘ ਵਾਸੀ ਨਵਾਂ ਪਿੰਡ ਖਾਲੇਵਾਲ ਵੱਲੋਂ ਸਥਾਨਕ ਬੀ ਡੀ ਪੀ ਓ ਗੁਰਮੀਤ ਸਿੰਘ ਕਾਹਲੋਂ ਖਿਲਾਫ ਵਿਜੀਲੈਂਸ ਜਲੰਧਰ ਨੂੰ 15 ਦਿਨ ਪਹਿਲਾਂ ਕੀਤੀ ਸ਼ਿਕਾਇਤ 'ਤੇ ਕੱਲ੍ਹ ਵਿਜੀਲੈਂਸ ਦੀ ਟੀਮ ਨੇ ਗੁਰਮੀਤ ਸਿੰਘ ਕਾਹਲੋਂ ਨੂੰ 10 ਹਜ਼ਾਰ ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ।
ਇਸ ਸੰਬੰਧ ਵਿੱਚ ਰਿਟਾਇਰਡ ਪੰਚਾਇਤ ਸਕੱਤਰ ਮਨਮੋਹਨ ਸਿੰਘ ਨੇ ਦੱਸਿਆ ਕਿ ਨਿਹਾਲੂਵਾਲ ਦੀ ਪੰਚਾਇਤ ਨੂੰ ਰਾਜ ਸਰਕਾਰ ਵੱਲੋਂ ਵਿਕਾਸ ਕਾਰਜਾਂ ਲਈ ਗਰਾਂਟ ਮਿਲੀ ਸੀ, ਜਿਸ ਨਾਲ ਪਿੰਡ ਦੀ ਪੰਚਾਇਤ ਨੇ 16 ਲੱਖ ਰੁਪਏ ਦੇ ਵਿਕਾਸ ਕਾਰਜ ਕਰਵਾਏ ਸਨ, ਜਿਨ੍ਹਾਂ ਦਾ ਵਰਤੋਂ ਸਰਟੀਫਿਕੇਟ ਉਤੇ ਸਾਈਨ ਕਰਨ ਬਦਲੇ ਗੁਰਮੀਤ ਸਿੰਘ ਕਾਹਲੋਂ ਦੋ ਫੀਸਦੀ ਦੇ ਹਿਸਾਬ ਨਾਲ ਕਮਿਸ਼ਨ ਮੰਗ ਰਿਹਾ ਸੀ। ਜਦੋਂ ਮੈਂ ਦੇਣ ਤੋਂ ਇਨਕਾਰ ਕਰ ਦਿੱਤਾ ਤਾਂ ਉਸ ਨੇ ਸਾਈਨ ਨਹੀਂ ਕੀਤੇ ਅਤੇ ਮੇਰੇ ਜੀ ਪੀ ਐੱਫ ਦੇ ਫੰਡਾਂ ਦੇ ਬਕਾਏ ਵੀ ਜਾਰੀ ਕਰਾਉਣ ਲਈ ਪੈਸਿਆਂ ਦੀ ਮੰਗ ਕਰਨ ਲੱਗਾ ਤਾਂ ਇਸ ਦੀ ਸ਼ਿਕਾਇਤ ਮੈਂ ਜਲੰਧਰ ਵਿਜੀਲੈਂਸ ਵਿਭਾਗ ਨੂੰ ਕਰ ਦਿੱਤੀ। ਯੂ ਸੀ 'ਤੇ ਸਾਈਨ ਕਰਵਾਉਣ ਲਈ ਗੁਰਮੀਤ ਸਿੰਘ ਕਾਹਲੋਂ ਨੂੰ ਮੈਂ 32 ਹਜ਼ਾਰ 'ਚੋਂ 22 ਹਜ਼ਾਰ ਰੁਪਏ ਦੇ ਦਿੱਤੇ ਬਾਕੀ 10 ਹਜ਼ਾਰ ਰੁਪਏ ਦਿੰਦੇ ਹੋਏ ਵਿਜੀਲੈਂਸ ਦੀ ਟੀਮ ਵੱਲੋਂ ਗੁਰਮੀਤ ਸਿੰਘ ਕਾਹਲੋਂ ਨੂੰ ਕੱਲ੍ਹ ਸ਼ਾਮ ਚਾਰ ਵਜੇ ਕਰੀਬ ਕਾਬੂ ਕਰ ਲਿਆ ਗਿਆ।

## ਮਹੱਤਵ ਪੂਰਨ ਮੁੱਦਿਆਂ ਉੱਤੇ ਲਈ ਯਤਨ ਕਰ ਰਹੇ ਨੇ ਰਿਜ਼ਰਵ ਬੈਂਕ ਅਤੇ ਸਰਕਾਰ



ਨਵੀਂ ਦਿੱਲੀ, 15 ਨਵੰਬਰ (ਪੋਸਟ ਬਿਊਰੋ)- ਭਾਰਤੀ ਰਿਜ਼ਰਵ ਬੈਂਕ (ਆਰ ਬੀ ਆਈ) ਦੇ ਡਾਇਰੈਕਟਰ ਬੋਰਡ ਦੀ 19 ਨਵੰਬਰ ਦੀ ਬੈਠਕ ਤੋਂ ਪਹਿਲਾ ਸਰਕਾਰ ਅਤੇ ਕੇਂਦਰੀ ਬੈਂਕ ਕੁਝ ਮਹੱਤਵਪ੍ਰੂਰਨ ਮੁੱਦਿਆਂ 'ਤੇ ਸਹਿਮਤੀ ਬਣਾਉਣ ਦਾ ਯਤਨ ਕਰ ਰਹੇ ਹਨ। ਸੂਤਰਾਂ ਅਨੁਸਾਰ ਦੋਵਾਂ ਦਾ ਯਤਨ ਹੈ ਕਿ ਖਾਸ ਕਰਕੇ ਕਮਜ਼ੋਰ ਬੈਂਕਾਂ 'ਤੇ ਲਾਗੂ ਜਲਦ ਸੁਧਾਰ ਦੀ ਕਾਰਵਾਈ (ਪੀ ਸੀ ਏ) ਦੀਆਂ ਰੋਕਾਂ ਵਿੱਚ ਢਿੱਲ ਦੇਣ ਅਤੇ ਬਹੁਤ ਛੋਟੇ, ਛੋਟੇ ਅਤੇ ਘਰੇਲੂ ਉਦਯੋਗਾਂ (ਐਮ ਐਸ ਐਮ ਈ) ਖੇਤਰ ਲਈ ਕਰਜ਼ ਦੇ ਨਿਯਮਾਂ ਨੂੰ ਸਰਲ ਬਣਾਉਣ ਬਾਰੇ ਸਹਿਮਤੀ ਦੇ ਹੱਲ ਤੈਅ ਕੀਤੇ ਜਾ ਸਕਣ।
ਜਾਣਕਾਰ ਸੂਤਰਾਂ ਮੁਤਾਬਕ ਬੋਰਡ ਦੀ ਇਸ ਬੈਠਕ ਵਿੱਚ ਪੀ ਸੀ ਏ ਰੂਪਰੇਖਾ ਉਤੇ ਕੋਈ ਸਹਿਮਤੀ ਅਗਲੇ ਕੁਝ ਹਫਤਿਆਂ ਵਿੱਚ ਜ਼ਰੂਰ ਬਣ ਜਾਵੇਗੀ। ਵਿੱਤ ਮੰਤਰਾਲਾ ਲਗਾਤਾਰ ਇਸ ਦਾ ਦਬਾਅ ਬਣਾ ਰਿਹਾ ਹੈ। ਜੇ ਪੀ ਸੀ ਏ ਨਿਯਮਾਂ ਨੂੰ ਸਰਲ ਕਰ ਦਿੱਤਾ ਜਾਂਦਾ ਹੈ ਤਾਂ ਕਈ ਬੈਂਕ ਇਸ ਵਿੱਤ ਸਾਲ ਦੇ ਅੰਤ ਤੱਕ ਪੀ ਸੀ ਦੀ ਰੋਕ ਤੋਂ ਬਾਹਰ ਆ ਜਾਣਗੇ। ਜਨਤਕ ਖੇਤਰ ਦੇ 21 ਬੈਂਕਾਂ ਵਿੱਚੋਂ 11 ਉੱਤੇ ਆਰ ਬੀ ਆਈ ਨੇ ਪੀ ਸੀ ਏ ਸ਼ਿਕੰਜਾ ਕੱਸ ਰੱਖਿਆ ਹੈ, ਜਿਸ ਦੇ ਤਹਿਤ ਉਨ੍ਹਾਂ ਨੂੰ ਕਰਜ਼ ਸਵੀਕਾਰ ਕਰਨ 'ਤੇ ਕਈ ਤਰ੍ਹਾਂ ਦੀ ਰੋਕ ਲਗੀ ਹੋਈ ਹੈ। ਸੂਤਰਾਂ ਨੇ ਕਿਹਾ ਕਿ ਰਿਜ਼ਰਵ ਬੈਂਕ ਐਮ ਐਸ ਐਮ ਈ ਖੇਤਰ ਲਈ ਕਰਜ਼ ਦੇ ਨਿਯਮਾਂ ਨੂੰ ਸਰਲ ਕਰਨ 'ਤੇ ਸਹਿਮਤ ਹੋ ਸਕਦਾ ਹੈ।

PUNJABI RANG RADIO

CHKT 1430AM
11pm to 12am
Every Friday
Chamkaur Singh
Producer/ Host
Cell: 416 662 1313
Email: punjabirang13@hotmail.com

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 ● For Marketing 647-656-6648

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ

ਲੇਡੀਜ਼ ਇੰਸਟ੍ਰਕਟਰ
647-998-7500 ਬਲਵਿੰਦਰ




KARTAR FURNITURE
ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ


ਕਰਤਾਰ ਫਰਨੀਚਰ
■ ਅਸੀਂ ਸੋਫਾ ਸੈੱਟ ਖੁੱਦ ਹੱਥੀ ਤਿਆਰ ਕਰਦੇ ਹਾਂ
■ ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
■ ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ
Email: kartarfurnitue@live.com
Call Rajinder Singh 416.741.9657
69 Westmore Dr. #20
Etobicoke ON, M9V 3Y6

# ਭਾਜਪਾ ਦੀ ਚੋਣ ਰਣਨੀਤੀ ਦਾ ਕਾਕਟੇਲ ਹੈ ਵਿਕਾਸ ਤੇ ਰਾਮ ਮੰਦਰ ਮੁੱਦਾ

-ਯੋਗੇਂਦਰ ਯੋਗੀ

ਭਾਜਪਾ ਨੇ ਇਨ੍ਹਾਂ ਵਿਧਾਨ ਸਭਾ ਤੇ 2019 ਦੀਆਂ ਲੋਕ ਸਭਾ ਚੋਣਾਂ 'ਚ ਰਾਫੇਲ, ਰੋਜ਼ਗਾਰ ਤੇ ਮਹਿੰਗਾਈ ਦਾ ਮੁੱਦਾ ਉਛਾਲਿਆ ਹੈ। ਇਨ੍ਹਾਂ ਚੋਣਾਂ ਬਾਰੇ ਜੋ ਰਣਨੀਤੀ ਬਣਾਈ ਹੈ, ਰਾਮ ਮੰਦਰ ਮੁੱਦਾ ਉਸੇ ਦਾ ਹਿੱਸਾ ਹੈ। ਮਾਮਲਾ ਸੁਪਰੀਮ ਕੋਰਟ ਵਿੱਚ ਹੋਣ ਉਤੇ ਕੇਂਦਰ 'ਚ ਸੱਤਾ ਹੋਣ ਕਰ ਕੇ ਭਾਜਪਾ ਇਸ 'ਤੇ ਸਿੱਧੀ ਪ੍ਰਤੀਕਿਰਿਆ ਦੇਣ ਤੋਂ ਬਚ ਰਹੀ ਹੈ।

ਰਾਮ ਮੰਦਰ ਮੁੱਦੇ ਦੀ ਗੇਂਦ ਸੰਘ ਪਰਵਾਰ ਦੇ ਵਿਹੜੇ ਵਿੱਚ ਸੁੱਟੀ ਗਈ ਤੇ ਇੱਕ ਸੋਚੀ ਸਮਝੀ ਰਣਨੀਤੀ ਤਹਿਤ ਸੰਘ ਪਰਵਾਰ ਨੂੰ ਇਸ ਵਿੱਚ ਅੱਗੇ ਲਿਆਂਦਾ ਗਿਆ ਹੈ। ਏਸੇ ਲਈ ਸੰਘ ਦੇ ਪ੍ਰਚਾਰਕਾਂ ਸਮੇਤ ਇਸ ਦੇ ਹੋਰ ਸਹਿਯੋਗੀ ਸੰਗਠਨਾਂ ਨੇ ਇਸ ਮੁੱਦੇ 'ਤੇ ਮੋਰਚਾ ਸੰਭਾਲਿਆ ਹੋਇਆ ਹੈ, ਜਦ ਕਿ ਭਾਜਪਾ ਦੇ ਮੰਤਰੀ ਤੇ ਅਹੁਦੇਦਾਰ ਲੋਕਾਂ ਨਾਲ ਜੁੜੇ ਇਸ ਮੁੱਦੇ 'ਚ ਕੋਈ ਵੀ ਸਿੱਧਾ ਦਖਲ ਦੇਣ ਤੋਂ ਬਚਣ ਦੀ ਕੋਸ਼ਿਸ਼ ਕਰ ਰਹੇ ਹਨ। ਭਾਜਪਾ ਨੂੰ ਇਹ ਚੰਗੀ ਤਰ੍ਹਾਂ ਪਤਾ ਹੈ ਕਿ ਅਯੁੱਧਿਆ ਵਿਵਾਦ ਸੁਪਰੀਮ ਕੋਰਟ ਵਿੱਚ ਚੱਲ ਰਿਹਾ ਹੈ ਤੇ ਇਸ ਵਿੱਚ ਸਿੱਧ ਦਖਲ ਨਹੀਂ ਦਿੱਤਾ ਜਾ ਸਕਦ। ਇਸ ਵਿੱਚ ਅਦਾਲਤੀ ਹੁਕਮ ਦੀ ਉਲੰਘਣਾ ਦਾ ਖਤਰਾ ਹੈ। ਇਸ ਮੁੱਦੇ ਉਤੇ ਆਰਡੀਨੈਂਸ ਵੀ ਆਸਾਨੀ ਨਾਲ ਨਹੀਂ ਲਿਆਂਦਾ ਜਾ ਸਕਦਾ ਕਿਉਂਕਿ ਆਰਡੀਨੈਂਸ ਲਈ ਸਹਿਯੋਗੀ ਪਾਰਟੀਆਂ ਦੀ ਸਹਿਮਤੀ ਜ਼ਰੂਰੀ ਹੈ। ਸਹਿਯੋਗੀ ਪਾਰਟੀਆਂ ਪਹਿਲਾਂ ਹੀ ਕਹਿ ਚੁੱਕੀਆਂ ਹਨ ਕਿ ਉਨ੍ਹਾਂ ਨੂੰ ਸੁਪਰੀਮ ਕੋਰਟ ਦਾ ਫੈਸਲਾ ਮਨਜ਼ੂਰ ਹੋਵੇਗਾ।

ਗਠਜੋੜ ਪਾਰਟੀਆਂ ਨੂੰ ਨਾਲ ਲੈ ਕੇ ਚੱਲਣਾ ਅਗਲੀਆਂ ਚੋਣਾਂ ਦੇ ਲਈ ਭਾਜਪਾ ਦੀ ਮਜਬੂਰੀ ਹੈ। ਉਂਝ ਵੀ ਪਾਰਟੀ ਆਰਡੀਨੈਂਸ ਲਿਆ ਕੇ ਸੁਪਰੀਮ ਕੋਰਟ ਨਾਲ ਪੰਗਾ ਨਹੀਂ ਲੈਣਾ ਚਾਹੁੰਦੀ। ਸਬਰੀਮਾਲਾ ਮੁੱਦੇ 'ਤੇ ਦੱਬੇ-ਲੁਕੇ ਢੰਗ ਨਾਲ ਵਿਰੋਧ ਨੂੰ ਲੈ ਕੇ ਪਾਰਟੀ ਪਹਿਲਾਂ ਹੀ ਸੁਪਰੀਮ ਕੋਰਟ ਦੀ ਨਜ਼ਰ ਵਿੱਚ ਆਈ ਹੋਈ ਹੈ ਤੇ ਰਾਫੇਲ ਅਤੇ ਸੀ ਬੀ ਆਈ ਸਮੇਤ ਕਈ ਵੱਡੇ ਤੇ ਸਰਕਾਰ ਨੂੰ ਪ੍ਰਭਾਵਤ ਕਰਨ ਵਾਲੇ ਮਾਮਲੇ ਸੁਪਰੀਮ ਕੋਰਟ ਵਿੱਚ ਵਿਚਾਰ-ਅਧੀਨ ਹਨ।

ਹਾਲਾਂਕਿ ਕੇਂਦਰ ਸਰਕਾਰ ਰਾਖਵੇਂਕਰਨ ਦੇ ਮੁੱਦੇ 'ਤੇ ਸੁਪਰੀਮ ਕੋਰਟ ਦੇ ਫੈਸਲੇ ਨੂੰ ਬਦਲਣ ਦਾ ਦਾਅ ਖੇਡ ਗਈ। ਇਹ ਮੁੱਦਾ ਸਿੱਧੇ ਤੌਰ 'ਤੇ ਭਾਜਪਾ ਦੇ ਵਿਰੁੱਧ ਜਾ ਰਿਹਾ ਹੈ ਅਤੇ ਪਾਰਟੀ ਦੇ ਪਾਰਲੀਮੈਂਟ ਮੈਂਬਰ, ਵਿਧਾਇਕ ਸੁਪਰੀਮ ਕੋਰਟ ਦੇ ਫੈਸਲੇ ਦਾ ਵਿਰੋਧ ਕਰ ਰਹੇ ਸਨ। ਇਸ ਨਾਲ ਅਨੁਸੂਚਿਤ ਜਾਤੀ, ਜਨਜਾਤੀ ਦਾ ਵੋਟ ਬੈਂਕ ਖਿਸਕਣ ਦਾ ਖਤਰਾ ਪੈਦਾ ਹੋ ਗਿਆ ਸੀ। ਵਿਰੋਧੀ ਧਿਰ ਨੇ ਵੀ ਇਸ ਮੁੱਦੇ 'ਤੇ ਪਲਟੀ ਮਾਰ ਲਈ ਸੀ। ਦੇਸ਼ ਵਿੱਚ ਹੋਏ ਵਿਰੋਧ ਮੁਜ਼ਾਹਰਿਆਂ ਨੂੰ ਦੇਖਦਿਆਂ ਵਿਰੋਧੀ ਧਿਰ ਨੇ ਵੀ ਕਾਨੂੰਨ ਲਿਅ ਕੇ ਸੁਪਰੀਮ ਕੋਰਟ ਦਾ ਫੈਸਲਾ ਬਦਲਣ ਦੀ ਮੰਗ ਉਠਾਈ।

ਰਾਮ ਮੰਦਰ ਮੁੱਦਾ ਉਠਾਉਣ ਦੇ ਮਾਮਲੇ ਵਿੱਚ ਹਾਲਾਤ ਅਜਿਹੇ ਨਹੀਂ। ਇਸ ਵਿੱਚ ਜੇ ਪਾਰਟੀ ਨੂੰ ਫਾਇਦਾ ਨਹੀਂ ਹੋਵੇਗਾ ਤਾਂ ਨੁਕਸਾਨ ਵੀ ਨਹੀਂ। ਅਸਲ ਵਿੱਚ ਭਾਜਪਾ ਨੂੰ ਇਸ ਮੁੱਦੇ ਤੋਂ ਹਵਾ ਸਬਰੀਮਾਲਾ ਮੰਦਰ ਦੇ ਮੁੱਦੇ 'ਤੇ ਲੋਕਾਂ ਨੂੰ ਉਕਸਾਉਣ ਤੋਂ ਬਾਅਦ ਮਿਲੀ ਹੈ। ਸਬਰੀਮਾਲਾ ਮੰਦਰ ਦੇ ਮੁੱਦੇ 'ਤੇ ਸੁਪਰੀਮ ਕੋਰਟ ਦੇ ਫੈਸਲੇ ਦੇ ਵਿਰੋਧ 'ਚ ਸਥਾਨਕ ਲੋਕਾਂ ਨੇ ਤਿੱਖੀ ਪ੍ਰਤੀਕਿਰਿਆ ਜ਼ਾਹਿਰ ਕੀਤੀ। ਇਹ ਮਾਮਲਾ ਅਜੇ ਤੱਕ ਕੇਰਲ ਦੀ ਮਾਰਕਸਵਾਦੀ ਸਰਕਾਰ ਲਈ ਗਲੇ ਦੀ ਹੱਡੀ ਬਣਿਆ ਹੋਇਆ ਹੈ। ਕੇਰਲ ਦੇ ਮੁੱਖ ਮੰਤਰੀ ਪੀ ਵਿਜਯਨ ਦੀ ਅਗਵਾਈ ਵਾਲੀ ਸਰਕਾਰ ਨਾ ਤਾਂ ਲੋਕਾਂ ਦਾ ਵਿਰੋਧ ਝੱਲਣ ਦੇ ਸਮਰੱਥ ਹੈ ਤੇ ਨਾ ਹੀ ਸੁਪਰੀਮ ਕੋਰਟ ਦਾ ਫੈਸਲਾ ਲਾਗੂ ਕਰਵਾ ਸਕੀ ਹੈ।

ਸੁਪਰੀਮ ਕੋਰਟ ਦੇ ਫੈਸਲੇ ਕਰ ਕੇ ਭਾਜਪਾ ਨੇ ਇਸ ਵਿੱਚ ਸਿੱਧੇ ਤੌਰ 'ਤੇ ਜੁੜਨ ਤੋਂ ਬਚਣ ਦਾ ਰਾਹ ਲੱਭ ਲਿਆ। ਸਥਾਨਕ ਨੇਤਾਵਾਂ ਤੇ ਵਰਕਰਾਂ ਨੂੰ ਅੱਗੇ ਕਰ ਦਿੱਤਾ ਗਿਆ, ਜਦ ਕਿ ਕੌਮੀ ਪੱਧਰ ਦੇ ਨੇਤਾ ਅਤੇ ਕੇਂਦਰ ਸਰਕਾਰ ਦੇ ਕੁਝ ਮੰਤਰੀ ਜੋ ਦਲੀਲ ਰਾਮ ਮੰਦਰ ਮਾਮਲੇ ਵਿੱਚ ਦੇ ਰਹੇ ਹਨ, ਉਹੀ ਦਲੀਲ ਉਨ੍ਹਾਂ ਨੇ ਸਬਰੀਮਾਲਾ ਮੰਦਰ ਮਾਮਲੇ ਵਿੱਚ ਵੀ ਦਿੱਤੀ ਹੈ ਤੇ ਇਸ ਨੂੰ ਰਾਮ ਮੰਦਰ ਵਾਂਗ ਜਨ ਭਾਵਨਾ ਦਾ ਫੈਸਲਾ ਆਖਿਆ ਹੈ ਤਾਂ ਕਿ ਦੋਵਾਂ ਮਾਮਲਿਆਂ ਵਿੱਚ ਸੁਪਰੀਮ ਕੋਰਟ ਦੀ ਉਲੰਘਣਾ ਦੀ ਤਲਵਾਰ ਤੋਂ ਬਚਿਆ ਜਾ ਸਕੇ। ਸਬਰੀਮਾਲਾ ਕਾਂਡ 'ਚ ਔਰਤਾਂ ਦੇ ਮੰਦਰ ਵਿੱਚ ਦਾਖਲੇ 'ਤੇ ਪਾਬੰਦੀ ਨੂੰ ਸਮਰਥਨ ਦੇ ਕੇ ਭਾਜਪਾ ਨੇ ਇਸ 'ਤੇ ਕੁਝ ਸਿਆਸੀ ਲਾਹਾ ਲੈ ਲਿਆ, ਪਰ ਕੇਰਲ ਸਰਕਾਰ ਵਿਵਾਦਾਂ 'ਚ ਘਿਰ ਗਈ। ਇਸ ਵਿੱਚ ਭਾਜਪਾ ਕੇਰਲ 'ਚ ਕਾਫੀ ਹੱਦ ਤੱਕ ਧਰੁਵੀਕਰਨ ਕਰਨ 'ਚ ਸਫਲ ਰਹੀ ਹੈ। ਇਸ ਤੋਂ ਮਿਲੀ ਭਾਰੀ ਸਫਲਤਾ ਦੇ ਮੱਦੇਨਜ਼ਰ ਹੀ ਪਾਰਟੀ ਰਾਮ ਮੰਦਰ ਮੁੱਦੇ ਨੂੰ ਮੁੜ ਉਠਾ ਰਹੀ ਹੈ, ਫਰਕ ਸਿਰਫ ਇੰਨਾ ਹੈ ਕਿ ਸੱਤਾ ਵਿੱਚ ਹੋਣ ਕਰ ਕੇ ਇਸ ਨੇ ਸੰਘ ਪਰਵਾਰ ਨੂੰ ਅੱਗੇ ਕਰ ਦਿੱਤਾ ਹੈ।

ਸੰਘ ਦੇ ਸੰਗਠਨਾਂ ਨੇ ਰਾਮ ਮੰਦਰ ਦੀ ਉਸਾਰੀ ਲਈ ਅੰਦੋਲਨ ਚਲਾਉਣ ਲਈ ਅਗਲੇ ਛੇ ਮਹੀਨੇ ਦਾ ਸਮਾਂ ਤੈਅ ਕੀਤਾ ਹੈ ਅਤੇ ਇਸੇ ਦਰਮਿਆਨ ਸੂਬਾਈ ਵਿਧਾਨ ਸਭਾ ਅਤੇ ਲੋਕ ਸਭਾ ਦੀਆਂ ਚੋਣਾਂ ਹੋਣੀਆਂ ਹਨ। ਪੰਜ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਸ਼ੁਰੂ ਹੋ ਚੁੱਕੀਆਂ ਹਨ। ਇਨ੍ਹਾਂ ਦੇ ਨਤੀਜਿਆਂ ਤੋਂ ਪਤਾ ਲੱਗੇਗਾ ਕਿ ਰਾਮ ਮੰਦਰ ਮੁੱਦਾ ਪਾਰਟੀ ਲਈ ਕਿੰਨਾ ਫਾਇਦੇਮੰਦ ਰਿਹਾ। ਜੇ ਨਤੀਜੇ ਹਾਂ-ਪੱਖੀ ਰਹੇ ਤਾਂ ਇਸ ਮੁੱਦੇ ਨੂੰ ਲੋਕ ਸਭਾ ਚੋਣਾਂ ਤੱਕ ਖਿਚਿਆ ਜਾਵੇਗਾ।

ਕੇਂਦਰ ਦੀ ਭਾਜਪਾ ਸਰਕਾਰ ਇਨ੍ਹੀਂ ਦਿਨੀਂ ਰਾਫੇਲ ਅਤੇ ਵਿਕਾਸ ਦੇ ਹੋਰਨਾਂ ਮੁੱਦਿਆਂ ਬਾਰੇ ਵੀ ਵਿਰੋਧੀ ਧਿਰ ਦੇ ਨਿਸ਼ਾਨੇ 'ਤੇ ਹੈ। ਰਾਫੇਲ ਮਾਮਲੇ ਵਿੱਚ ਕਾਂਗਰਸ ਲਗਾਤਾਰ ਨਵੇਂ-ਨਵੇਂ ਦੋਸ਼ ਲਾ ਰਹੀ ਹੈ। ਇਸ ਤੋਂ ਇਲਾਵਾ ਵਿਰੋਧੀ ਧਿਰ ਨੇ ਪੈਟਰੋਲ-ਡੀਜ਼ਲ ਦੀਆਂ ਕੀਮਤਾਂ ਵਿੱਚ ਵਾਧੇ, ਰੋਜ਼ਗਾਰ ਅਤੇ ਮਹਿੰਗਾਈ ਵਰਗੇ ਮੁੱਦਿਆਂ 'ਤੇ ਸਰਕਾਰ ਤੇ ਭਾਜਪਾ ਨੂੰ ਘੇਰਿਆ ਹੋਇਆ ਹੈ। ਇਨ੍ਹਾਂ ਮੁੱਦਿਆਂ 'ਤੇ ਵਿਰੋਧੀ ਧਿਰ ਤੇ ਆਮ ਲੋਕਾਂ ਨੂੰ ਸੰਤੁਸ਼ਟ ਕਰਨਾ ਸੌਖਾ ਨਹੀਂ ਹੈ। ਰਾਜਸਥਾਨ ਤੇ ਛੱਤੀਸਗੜ੍ਹ ਵਰਗੇ ਸੂਬਿਆਂ ਵਿੱਚ ਭਾਜਪਾ ਦੀ ਵਾਪਸੀ ਆਸਾਨ ਨਹੀਂ ਮੰਨੀ ਜਾ ਰਹੀ। ਇਨ੍ਹਾਂ ਵਿਧਾਨ ਸਭਾਵਾਂ ਦੇ ਚੋਣ ਨਤੀਜੇ ਕਾਫੀ ਹੱਦ ਤੱਕ ਇਨ੍ਹਾਂ ਸੂਬਿਆਂ 'ਚ ਲੋਕ ਸਭਾ ਚੋਣਾਂ ਦੇ ਨਤੀਜਿਆਂ ਨੂੰ ਪ੍ਰਭਾਵਤ ਕਰਨਗੇ। ਇਸ ਰਾਹ ਨੂੰ ਆਸਾਨ ਬਣਾਉਣ ਲਈ ਪਾਰਟੀ ਵਿਕਾਸ ਤੇ ਰਾਮ ਮੰਦਰ ਮੁੱਦੇ ਦਾ ਕਾਕਟੇਲ ਤਿਆਰ ਕਰ ਰਹੀ ਹੈ।

ਕੇਂਦਰ ਤੇ ਭਾਜਪਾ ਦੇ ਸ਼ਾਸਨ ਵਾਲੀਆਂ ਸੂਬਾ ਸਰਕਾਰਾਂ ਲਈ ਵਿਕਾਸ ਦਾ ਸੋਸ਼ਲ ਮੀਡੀਆ ਸਮੇਤ ਹੋਰ ਸੰਭਵ ਢੰਗ ਨਾਲ ਪ੍ਰਚਾਰ ਕੀਤਾ ਜਾ ਰਿਹਾ ਹੈ। ਇਸ ਦੇ ਬਾਵਜੂਦ ਭਾਜਪਾ ਇਨ੍ਹਾਂ ਚੋਣਾਂ ਵਿੱਚ ਬਹੁਤ ਹਾਸਲ ਕਰਨ ਬਾਰੇ ਆਸਵੰਦ ਨਹੀਂ। ਪਾਰਟੀ ਤੇ ਸਰਕਾਰ ਨੂੰ ਇਸ 'ਤੇ ਪੂਰਾ ਭਰੋਸਾ ਨਹੀਂ ਕਿ ਸਿਰਫ ਵਿਕਾਸ ਮੁੱਦੇ 'ਤੇ ਸੱਤਾ ਹਾਸਲ ਕੀਤੀ ਜਾ ਸਕਦੀ ਹੈ। ਵਜ੍ਹਾ ਵੀ ਸਪੱਸ਼ਟ ਹੈ ਕਿ ਵਿਕਾਸ ਦੇ ਵੱਖ-ਵੱਖ ਮੋਰਚਿਆਂ 'ਤੇ ਸਰਕਾਰ ਨੂੰ ਇੰਨੀ ਸਫਲਤਾ ਨਹੀਂ ਮਿਲ ਸਕੀ। ਇਸ ਨਾਲ ਪੈਦਾ ਹੋਏ ਫਰਕ ਨੂੰ ਮਿਟਾਉਣ ਲਈ ਉਠਾਏ ਗਏ ਰਾਮ ਮੰਦਰ ਵਰਗੇ ਭਾਵਨਾਤਮਕ ਤੇ ਧਾਰਮਿਕ ਮੁੱਦੇ ਦਾ ਵਿਰੋਧੀ ਧਿਰ ਲਈ ਵੀ ਵਿਰੋਧ ਕਰਨਾ ਸੌਖਾ ਨਹੀਂ ਹੈ। ਵਿਰੋਧੀ ਧਿਰ ਦੀ ਮਜਬੂਰੀ ਇਹ ਹੈ ਕਿ ਦੇਸ਼ ਵਿੱਚ ਵਿਆਪਕ ਜਨ ਭਾਵਨਾ ਦਾ ਮੁੱਦਾ ਹੋਣ ਕਰ ਕੇ ਇਹ ਵੀ ਨਹੀਂ ਕਿਹਾ ਜਾ ਸਕਦਾ ਕਿ ਮੰਦਰ ਨਹੀਂ ਬਣਨਾ ਚਾਹੀਦਾ।

ਵਿਰੋਧੀ ਧਿਰ ਅਨੁਸੂਚਿਤ ਜਾਤੀ, ਜਨਜਾਤੀ ਮਾਮਲੇ ਵਾਂਗ ਰਾਮ ਮੰਦਰ 'ਤੇ ਆਰਡੀਨੈਂਸ ਜਾਂ ਕਾਨੂੰਨ ਬਣਾਉਣ ਦੀ ਦਲੀਲ ਵੀ ਨਹੀਂ ਦੇ ਸਕਦੀ। ਇਸ ਨਾਲ ਵਿਰਧੀ ਧਿਰ ਦਾ ਘੱਟਗਿਣਤੀ ਵੋਟ ਬੈਂਕ ਖਿਸਕ ਸਕਦਾ ਹੈ। ਦੂਜੇ ਪਾਸੇ ਸੰਘ ਪਰਵਾਰ ਦਾ ਸਾਰਾ ਜ਼ੋਰ ਇਸ ਮੁੱਦੇ 'ਤੇ ਹੈ ਕਿ ਕਿਸ ਤਰ੍ਹਾਂ ਕਾਂਗਰਸ ਤੇ ਹੋਰ ਵਿਰੋਧੀ ਪਾਰਟੀਆਂ ਨੂੰ ਉਲਝਾਈ ਰੱਖਿਆ ਜਾਵੇ। ਭਾਜਪਾ ਨੇ ਇਸ ਮੁੱਦੇ 'ਤੇ ਦੇਸ਼ 'ਚ ਆਪਣੀ ਸਿਆਸੀ ਇਮਾਰਤ ਬੁਲੰਦ ਕੀਤੀ ਹੈ, ਪਰ ਪਾਰਟੀ ਸਿਰਫ ਇਸੇ ਦੇ ਬਲਬੂਤੇ 'ਤੇ ਸੱਤਾ 'ਚ ਵਾਪਸੀ ਬਾਰੇ ਆਸਵੰਦ ਨਹੀਂ। ਇਹ ਤੈਅ ਹੈ ਕਿ ਭਾਜਪਾ ਲਈ ਜੇ ਰਾਮ ਮੰਦਰ ਮੁੱਦਾ ਚੋਣਾਵੀ ਤੌਰ 'ਤੇ ਫਾਇਦੇਮੰਦ ਸਿੱਧ ਹੋਇਆ ਤਾਂ ਪਾਰਟੀ ਤੱਦ ਹੀ ਇਸ ਨੂੰ ਅਗਾਂਹ ਵੀ ਜਾਰੀ ਰੱਖੇਗੀ, ਨਹੀਂ ਤਾਂ ਕਿਸ ਤਰ੍ਹਾਂ ਕੇਂਦਰ ਸਰਕਾਰ ਦੇ ਸਾਢੇ ਚਾਰ ਸਾਲਾਂ ਦੇ ਸ਼ਾਸਨਕਾਲ ਦੌਰਾਨ ਇਹ ਹਾਸ਼ੀਏ 'ਤੇ ਪਿਆ ਰਿਹਾ, ਉਸੇ ਤਰ੍ਹਾਂ ਹੀ ਪਿਆ ਰਹੇਗਾ।


ਮਰਣੁ ਮੁਣਸਾਂ ਸੂਰਿਆ ਹਕੁ ਹੈ ਜੋ ਹੋਇ ਮਰਹਿ ਪਰਵਾਣੋ॥

ਸ਼ਹੀਦ ਸ੍ਰ ਕਰਤਾਰ ਸਿੰਘ ਸਰਾਭਾ ਦੀ ਸ਼ਹੀਦੀ ਸ਼ਤਾਬਦੀ
ਅਤੇ ਗਦਰੀ ਲਹਿਰ ਦੇ ਸਮੂੰਹ ਯੋਧਿਆਂ ਨੂੰ ਸਮਰਪਿਤ



ਸਾਲਾਨਾ ਸਮਾਗਮ

ਗੁਰਦੁਆਰਾ ਗੁਰੂ ਨਾਨਕ ਸਿੱਖ ਸੈਂਟਰ
ਗਲਿਡਨ ਰੋਡ, ਬਰੈਂਪਟਨ ਵਿਖੇ

25 ਨਵੰਬਰ ਦਿਨ ਐਤਵਾਰ

ਪਾਠ ਸ੍ਰੀ ਸੁਖਮਨੀ ਸਾਹਿਬ 10 ਵਜੇ
ਕੀਰਤਨ 11 ਤੋਂ 11.45
ਕਥਾ ਵਿਖਿਆਨ 11.45 ਤੋਂ 12.30

ਸਮਾਪਤੀ ਤੋਂ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

ਬਣੀ ਸਿਰ ਸ਼ੇਰਾਂ ਦੇ, ਕੀ ਜਾਣਾ ਭੱਜ ਕੇ
ਸਿੰਘ ਨਾਮ ਸ਼ੇਰ ਦਾ, ਜੋ ਲੜੇ ਗੱਜ ਕੇ

ਦਾਸਰੇ
ਜਸਬੀਰ ਸਿੰਘ ਸਰਾਭਾ 416-843-5330
ਮਨਦੀਪ ਸਿੰਘ ਸਰਾਭਾ 647-504-4949

Komplete Print Solutions, 647-272-0450 kompleteprints@gmail.com



UPPAL LAW
FREE CONSULTATION !
Avtar Uppal Manager
Aman Uppal BARRISTER, SOLICITOR

IMMIGRATION SERVICES :
- Visitor Visa ($200)
- Supervisa ($200)
- Study, Work, Visitor Extension ($125)
- Spousal Applications ($600)
- Family Sponsorship
- Permanent Residence Card Renewal ($65)
- Citizenship Applications ($70)
- All Invitation letters ($35)

OTHER PRACTICES:
- Criminal Law
- Power of Attorney ($60)
- Change of Name ($115)
- Notarization ($15)
- Travel Consent ($20)
- Affidavit ($35)
- Landlord and Tenant Matters ($250)

Prices are subject to Taxes, do not include Government fees and service by appointment only.
Offer valid until 9/30/201

Ph: 905-676-8200 Fax: 905-672-7848
351 Parkhurst Square, Brampton, ON L6T 5H5
2857 Derry Rd E, Mississauga, ON L4T 1A6



FIRST CHOICE FINANCIAL LIMITED
TRUCK LOANS

ਟੱਰਕ ਲੋਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ

ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing

- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada

For more Information Contact
Rajdeep: 647.707.4167
Office: 905.678.2424



Tri-City Professional Realty Inc., Brokerage
Number 1 Tri-City agent in Canada on basis of sales volume 2015

ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ

- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

ਅਵਤਾਰ ਸਿੰਘ ਟਿਵਾਣਾ
ਫੋਨ: 416 802 5866
Tel: 905.793.5777

31 Melanie Dr. Unit #4 Brampton, ON L6T 5H8
Avtar Singh Tiwana Sales Rep

SOLD $645,000 Darcel/Brandon Gate
ਬਹੁਤ ਹੀ ਸੋਹਣਾ 3+1 ਬੈਡਰੂਮ, 2 ਵਾਸ਼ਰੂਮ ਦਾ ਸੈਮੀ ਡਿਟੈਚ ਘਰ, ਨਵੇਂ ਫਰੰਟ ਡੋਰ, ਈਟ ਇਨ ਕਿਚਨ, ਕੈਲੀਫੋਰਨੀਆ ਸ਼ਟਰਜ਼, ਸਹੂਲਤਾਂ ਵਿੱਚ ਗਰਾਜ ਉਪਨਰ, ਫਰਨਿਸ, ਲੈਮੀਨੇਟਡ ਫਲੌਰ।

FOR SALE $799,900 Chinguacousy/Sandalwood
5 ਬੈਡਰੂਮ + 3 ਵਾਸ਼ਰੂਮ ਦਾ ਬਹੁਤ ਹੀ ਸੋਹਣਾ ਸੈਮੀ ਡੀਟੈਚਡ, ਡਬਲ ਸਟੋਰੀ ਘਰ, ਹਾਰਡਵੁਡ ਫਲੋਰ, ਡਬਲ ਡੋਰ ਗਰਾਜ, ਸਕੂਲ, ਬੱਸ ਸਟਾਪ, ਜਿਮ ਆਦਿ ਸਹੂਲਤਾਂ ਦੇ ਨੇੜੇ।

FOR SALE $3,249,000 Niagara Falls Ontario
ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋ, ਰੈਨੋਵੇਟਡ ਮੋਟਲ। ਨਾਈਗਰਾ ਫਾਲ ਦੇ ਨੇੜੇ, 49 ਰੂਮ ਤੇ ਹਰ ਰੂਮ ਵਿਚ ਟੀਵੀ, ਇੰਟਰਨੈਟ, ਫਰੀਜ਼, ਮਾਈਕਰੋਵੇਵ ਅਤੇ ਵਾਸ਼ਰੂਮ ਆਦਿ ਸਹੂਲਤਾਂ।

FOR SALE $1,129,900 Castlemore/Goreway
4 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਡਿਟੈਚਡ ਘਰ, 3500 ਸਕੇਅਰ ਫੁੱਟ, ਹਾਰਡਵੁਡ ਫਲੋਰ, ਮੇਨ ਫਲੋਰ ਨੂੰ ਡੇਂਨ, ਬੈਸਮੈਂਟ ਨੂੰ ਸੈਪਰੇਟ ਏਨਟਰੈਂਸ। ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਮਾਲ ਆਦਿ ਦੇ ਨੇੜੇ।



General ਵੱਰਕਰਾਂ ਦੀ ਤੁਰੰਤ ਲੋੜ ਹੈ

ਬ੍ਰੈਂਪਟਨ ਤੋਂ ਸਿਰਫ 30 ਮਿੰਟਾਂ ਦੀ ਦੂਰੀ ਤੇ

Galvanizing plant located in Acton, ON


ਸਾਰੀਆਂ Shifts available ਹਨ

ਦਿਤੀਆਂ ਜਾਣ ਵਾਲੀਆਂ ਸਹੂਲਤਾਂ:
- Starting wage $16/hr + Medical Benefits
- Company Pension Plan
- Quarterly Incentive bonus

Send Resume to: christopherbrock@azz.com



ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety
Our Priority

JF Insurance Agency Group Inc.

Specialized in Hospital and Medical Insurance for Visitors, Canadian Travellers and International Students since 1992

Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7

# ਗ਼ਦਰ ਲਹਿਰ ਦਾ ਨਾਇਕ : ਸ਼ਹੀਦ ਕਰਤਾਰ ਸਿੰਘ ਸਰਾਭਾ

ਰਾਜਵਿੰਦਰ ਸਿੰਘ ਰਾਹੀ
98157-51332

ਸ਼ਹੀਦ ਕਰਤਾਰ ਸਿੰਘ ਸਰਾਭਾ, ਗਦਰ ਲਹਿਰ ਦਾ ਅਜਿਹਾ ਮਹਾਨਾਇਕ ਹੈ, ਜਿੱਡਾ ਵੱਡਾ ਉਸਦਾ ਇਤਿਹਾਸਕ ਕੰਮ ਹੈ, ਉੱਡਾ ਵੱਡਾ ਉਸਦਾ ਮੁੱਲ ਨਹੀਂ ਪਿਆ।

ਸ਼ਹੀਦ ਕਰਤਾਰ ਸਿੰਘ ਸਰਾਭਾ ਦਾ ਜਨਮ 24 ਮਈ 1896 ਨੂੰ ਲੁਧਿਆਣਾ ਜ਼ਿਲ੍ਹੇ ਦੇ ਮਸ਼ਹੂਰ ਪਿੰਡ ਸਰਾਭਾ ਵਿਖੇ ਪਿਤਾ ਮੰਗਲ ਸਿੰਘ ਦੇ ਘਰ ਮਾਤਾ ਸਾਹਿਬ ਕੌਰ ਦੀ ਕੁੱਖੋਂ ਹੋਇਆ ਸੀ। ਆਪਣੇ ਜ਼ਮਾਨੇ ਵਿਚ ਇਹ ਪਰਿਵਾਰ ਪੜ੍ਹਿਆ ਲਿਖਿਆ ਅਤੇ ਖਾਂਦਾ ਪੀਂਦਾ ਸਰਦਾ ਪੁੱਜਦਾ ਪਰਿਵਾਰ ਸੀ। ਅੱਜ ਤੋਂ ਸੌ ਸਵਾ ਸੌ ਪਹਿਲਾਂ ਪਿੰਡ ਵਿਚ ਬਣੀ ਪਰਿਵਾਰ ਦੀ ਰਿਹਾਇਸ਼ੀ ਹਵੇਲੀ ਤੋਂ ਹੀ ਪਰਿਵਾਰ ਦੀ ਆਰਥਿਕ ਅਤੇ ਸਮਾਜਿਕ ਹੈਸੀਅਤ ਦਾ ਪਤਾ ਲਗ ਜਾਂਦਾ ਹੈ। ਭਾਵੇਂ ਸਰਾਭੇ ਦੇ ਬਾਪ ਮੰਗਲ ਸਿੰਘ, ਜਿਸਦੀ ਸਰਾਭਾ ਦੇ ਬਚਪਨ ਵਿਚ ਹੀ ਮੌਤ ਹੋ ਗਈ ਸੀ, ਬਾਰੇ ਕੋਈ ਬਹੁਤ ਜਾਣਕਾਰੀ ਨਹੀਂ ਮਿਲਦੀ। ਪਰ ਕਰਤਾਰ ਸਿੰਘ ਦੇ ਦੋ ਚਾਚੇ ਉੜੀਸਾ ਵਿਚ ਚੰਗੀਆਂ ਨੌਕਰੀਆਂ 'ਤੇ ਲੱਗੇ ਹੋਏ ਸਨ।

ਮੇਰੇ ਸਾਹਮਣੇ ਇਹ ਸੁਆਲ ਹੈ ਕਿ ਉਹ ਕਿਹੜੇ ਸੰਸਕਾਰ ਸਨ, ਕਿਹੜਾ ਮਾਹੌਲ ਸੀ, ਤੇ ਕਿਹੜੇ ਹਾਲਾਤ ਸਨ? ਜਿਨ੍ਹਾਂ ਕਰ ਕੇ ਰਾਜਕੁਮਾਰਾਂ ਵਾਂਗ ਪਲਿਆ ਬੱਚਾ ਵੱਡਾ ਹੋ ਕੇ ਮਹਾਨ ਇਨਕਲਾਬੀ ਹੋ ਨਿਬੜਦਾ ਹੈ ਤੇ ਮੌਤ ਨੂੰ ਜਿਸ ਦ੍ਰਿੜ੍ਹਤਾ ਨਾਲ ਉਹ ਗਲੇ ਲਗਾਉਂਦਾ ਹੈ, ਉਹ ਆਪਣੀ ਮਿਸਾਲ ਆਪ ਹੈ। ਆਮ ਤੌਰ 'ਤੇ, ਜਿਸ ਤਰ੍ਹਾਂ ਦੀ ਆਰਥਿਕ ਅਤੇ ਸਮਾਜੀ ਹੈਸੀਅਤ ਕਰਤਾਰ ਸਿੰਘ ਦੇ ਪਰਿਵਾਰ ਦੀ ਸੀ, ਅਜਿਹੇ ਪਰਿਵਾਰ ਵੇਲੇ ਦੀ ਹਕੂਮਤ ਦੇ ਖੈਰ ਖਵਾਹ ਹੁੰਦੇ ਹਨ ਤੇ ਹਕੂਮਤੀ ਮਿਲਵਰਤਨ ਉਨ੍ਹਾਂ ਲਈ ਤਰੱਕੀ ਦੀਆਂ ਪੌੜੀਆਂ ਬਣ ਜਾਂਦਾ ਹੈ। ਜਿਸ ਤਰ੍ਹਾਂ ਦੀ ਹੈਸੀਅਤ ਸ਼ਹੀਦ ਸਰਾਭੇ ਦੇ ਦਾਦੇ ਸ. ਬਚਨ ਸਿੰਘ ਦੀ ਸੀ, ਅਜਿਹੀ ਹੈਸੀਅਤ ਵਾਲੇ ਪਰਿਵਾਰਾਂ ਨੂੰ ਅੰਗਰੇਜ਼ਾਂ ਨੇ ''ਸਰਦਾਰ ਬਹਾਦਰਾਂ'' ਦੇ ਖਿਤਾਬ ਬਖਸ਼ ਰੱਖੇ ਸਨ। ਪਰ ਲਗਦਾ ਹੈ ਕਿ ਸ. ਬਚਨ ਸਿੰਘ ਦੇ ਪਰਿਵਾਰ ਨੇ ਅੰਗਰੇਜ਼ ਹਕੂਮਤ ਤੋਂ ਇੱਕ ਤਰ੍ਹਾਂ ਨਾਲ ਆਪਣੀ ਦੂਰੀ ਹੀ ਬਣਾ ਰੱਖੀ ਸੀ।

ਮਨੋਵਿਗਿਆਨੀਆਂ ਅਨੁਸਾਰ ਪਰਿਵਾਰ ਦੇ ਮੈਂਬਰਾਂ ਅਤੇ ਮਾਹੌਲ ਦਾ ਬੱਚੇ ਦੇ ਜਨਮ ਸਮੇਂ ਹੀ ਅਸਰ ਪੈਣਾ ਸ਼ੁਰੂ ਹੋ ਜਾਂਦਾ ਹੈ। ਬੱਚੇ ਦਾ ਸਮੁੱਚਾ ਜੀਵਨ ਇਕ ਬਾਲਗ ਉੱਤੇ ਨਿਰਭਰ ਕਰਦਾ ਹੈ, ਬਾਲਗਾਂ ਵੱਲੋਂ ਜਥੇਬੰਦੀ ਅਤੇ ਨਿਰਦੇਸ਼ਤ ਹੁੰਦਾ ਹੈ। ਬਹੁਤ ਹੀ ਮੁੱਢਲੀ ਉਮਰ ਵਿਚ ਬੱਚਾ ਬਾਲਗਾਂ ਤੋਂ ਸਿੱਖਣਾ ਸ਼ੁਰੂ ਕਰ ਦਿੰਦਾ ਹੈ। ਉਹ ਨਾ ਕੇਵਲ ਤੁਰਨਾ ਬੋਲਣਾ ਅਤੇ ਵਸਤੂਆਂ ਦੀ ਵਰਤੋਂ ਸਹੀ ਤੌਰ 'ਤੇ ਕਰਨਾ ਸਿੱਖਦਾ ਹੈ, ਸਗੋਂ ਸੋਚਣਾ, ਮਹਿਸੂਸ ਕਰਨਾ ਅਤੇ ਆਪਣਾ ਖੁਦ ਦਾ ਵਰਤਾਓ ਕੰਟ੍ਰੋਲ ਕਰਨਾ ਸਿਖਦਾ ਹੈ।

ਪਰਿਵਾਰਕ ਸੰਸਕਾਰ ਅਤੇ ਮੁੱਢਲੀ ਸਿੱਖਿਆ ਵੀ ਬੱਚੇ ਦੀ ਸਖ਼ਸ਼ੀਅਤ ਨੂੰ ਘੜਨ ਡੌਲਣ ਵਿਚ ਕੇਂਦਰੀ ਭੂਮਿਕਾ ਅਦਾ ਕਰਦੇ ਹਨ। ਜਨਮ ਸਮੇਂ ਬੱਚੇ ਦਾ ਕੋਈ ਧਰਮ ਅਤੇ ਵਰਨ ਨਹੀਂ ਹੁੰਦਾ ਅਤੇ ਨਾ ਹੀ ਉਸ ਨੂੰ ਕਿਸੇ ਰਿਸ਼ਤੇ ਦਾ ਅਨੁਭਵ ਹੁੰਦਾ ਹੈ। ਉਦੋਂ ਨਾ ਉਹ ਕਿਸੇ ਸੱਭਿਆਚਾਰਕ ਭਾਣੇ ਦੀ ਤੰਦ ਹੁੰਦਾ ਹੈ। ਬੱਚੇ ਦਾ ਮਨ ਨਿਰਮਲ, ਨਿਰਮੋਹ ਅਤੇ ਸਭ ਕੁਝ ਵੱਲੋਂ ਅਟੰਕ ਹੁੰਦਾ ਹੈ। ਸਿਰਫ, ਅੰਤਰ ਪ੍ਰੇਰਨਾ ਦਾ ਅਧਾਰ ਬਣਦੀਆਂ ਕੁਝ ਕੁਰੀਤੀਆਂ ਜੋ ਇਸ ਨੂੰ ਵਿਰਸੇ 'ਚ ਮਿਲੀਆਂ ਹੁੰਦੀਆਂ ਹਨ। ਫਿਰ ਜਿਸ ਮਾਹੌਲ 'ਚ ਬੱਚਾ ਪਲਦਾ ਹੈ ਉਸ ਵਿਚ ਪ੍ਰਚਲਿਤ ਸੰਸਕਾਰ ਉਸ ਦੇ ਮਨ ਅੰਦਰ ਪਹਿਲਾਂ ਪੋਲੇ ਪੈਰੀ ਅਤੇ ਫਿਰ ਅਸਰਦਾਰ ਤਰੀਕੇ ਨਾਲ ਘਰ ਕਰਨ ਲੱਗਦੇ ਹਨ। ਇਹ ਅਗਾਂਹ ਚਲ ਕੇ, ਉਸ ਦੇ ਵਿਸ਼ਵਾਸ, ਉਸ ਦੇ ਅਕੀਦੇ, ਉਸ ਦੇ ਬੋਲਚਾਲ ਬਣ ਕੇ ਉਸ ਦੇ ਵਤੀਰੇ ਨੂੰ ਉਮਰ ਭਰ ਪ੍ਰਭਾਵਿਤ ਕਰਦੇ ਰਹਿੰਦੇ ਹਨ। ਜੋ ਕੁਝ ਵੀ ਜੀਵਨ ਦੇ ਮੁੱਢਲੇ ਪੱਖ ਵਿਚ ਮਨ ਅੰਦਰ ਸਮਾਉਂਦਾ ਹੈ ਉਹ ਅਤਿ ਪ੍ਰਭਾਵਕਾਰੀ ਹੁੰਦਾ ਹੈ ਅਤੇ ਉਸ ਦਾ ਜੀਵਨ ਭਰ ਆਵੇਗੀ ਤੀਬਰਤਾ ਨਾਲ ਪਾਲਣਾ ਹੁੰਦੀ ਹੈ। ਇਸੇ ਕਾਰਨ ਮੁੱਢਲੀ ਸਿੱਖਿਆ ਦਾ ਬਹੁਤ ਮਹੱਤਵ ਹੈ।2

ਪਰਿਵਾਰ ਵੱਲੋਂ 8 ਕੁ ਸਾਲ ਦੀ ਉਮਰੋਂ ਕਰਤਾਰ ਸਿੰਘ ਨੂੰ ਪਿੰਡ ਦੇ ਹੀ ਪ੍ਰਾਈਮਰੀ ਸਕੂਲ ਵਿਚ ਪੜ੍ਹਨ ਪਾਇਆ ਗਿਆ। 4 ਜਮਾਤਾਂ ਉਸ ਨੇ ਇਥੇ ਹੀ ਪਾਸ ਕੀਤੀਆਂ। ਅਗਾਂਹ ਪੰਜਵੀਂ ਦਾ ਵਰਨੈਕੂਲਰ ਸਕੂਲ ਗੁਜਰਵਾਲ ਵਿਚ ਸੀ, ਜੋ ਪਿੰਡੋਂ ਪੰਜ ਮੀਲ ਦੂਰ ਸੀ। ਪੰਜਵੀਂ ਵਿਚ ਕਰਤਾਰ ਸਿੰਘ ਦਾ ਜਮਾਤੀ ਬਾਬਾ ਹਰਭਜਨ ਸਿੰਘ ਦੀ ਚਮਿੰਡਾ ਬਣਿਆ ਜੋ ਪਿੰਡੋਂ ਜਾ ਕੇ ਉਨ੍ਹਾਂ ਨਾਲ ਹੀ ਗ਼ਦਰ ਪਾਰਟੀ ਵਿਚ ਸ਼ਾਮਿਲ ਹੋਇਆ। ਕਰਤਾਰ ਸਿੰਘ ਨੇ ਗੁੱਜਰਵਾਲ ਤੋਂ ਵਰਨੈਕੂਲਰ ਅੱਠਵੀਂ ਪਾਸ ਕਰ ਲਈ ਤਾਂ ਪਰਿਵਾਰ ਵੱਲੋਂ ਉਸ ਨੂੰ ਅਗਲੀ ਪੜ੍ਹਾਈ ਲਈ ਲੁਧਿਆਣਾ ਦੇ ਮਾਲਵਾ ਖਾਲਸਾ ਹਾਈ ਸਕੂਲ ਵਿਚ ਦਾਖਲ ਕਰਵਾਇਆ ਗਿਆ। ਇਥੇ ਇਹ ਗੱਲ ਵੀ ਖਾਸ ਤੌਰ 'ਤੇ ਨੋਟ ਕਰਨ ਵਾਲੀ ਹੈ ਕਿ ਪਰਿਵਾਰ ਵੱਲੋਂ ਉਸ ਨੂੰ ਮਾਲਵਾ ਖਾਲਸਾ ਹਾਈ ਸਕੂਲ ਵਿਚ ਹੀ ਦਾਖਲਾ ਕਰਵਾਇਆ ਜਾਂਦਾ ਹੈ, ਜੋ ਉਸ ਵਕਤ ਰਹਿਤ ਬਹਿਤ ਦੇ ਮਾਹੌਲ ਵਾਲਾ ਸਕੂਲ ਸੀ। ਜਦ ਕਿ ਉਸ ਵਕਤ ਲੁਧਿਆਣੇ ਵਿਚ ਈਸਾਈਆਂ ਦਾ ਮਿਸ਼ਨ ਸਕੂਲ, ਮੁਸਲਮਾਨਾਂ ਦਾ ਇਸਲਾਮੀਆ ਸਕੂਲ ਤੇ ਹਿੰਦੂਆਂ ਦਾ ਆਰੀਆ ਸਕੂਲ ਬਹੁਤ ਪੁਰਾਣੇ ਸਕੂਲ ਸਨ। ਖਾਲਸਾ ਸਕੂਲ ਖੁੱਲ੍ਹਣ ਤੋਂ ਪਹਿਲਾਂ ਸਿੱਖ ਬੱਚੇ ਵੀ ਇਨ੍ਹਾਂ ਸਕੂਲਾਂ ਵਿਚ ਪੜ੍ਹਦੇ ਹੁੰਦੇ ਸਨ। ਆਪਣੇ ਬੱਚਿਆਂ ਨੂੰ ਸਿੱਖੀ ਨਾਲ ਜੋੜ ਕੇ ਉਨ੍ਹਾਂ ਦਾ ਧਰਮ ਅਤੇ ਸੱਭਿਆਚਾਰ ਕਾਇਮ ਰੱਖਣ ਲਈ ਸਿੱਖ ਦਾਨਿਸ਼ਵਰਾਂ ਨੇ 1905 ਵਿਚ ਖਾਲਸਾ ਸਕੂਲ ਚਾਲੂ ਕਰ ਦਿੱਤਾ ਸੀ।

ਸਕੂਲਾਂ ਵਿਚ ਅੱਠਵੀਂ ਤੱਕ ਤਾਂ ਉਰਦੂ ਪੜ੍ਹਾਈ ਜਾਂਦੀ ਸੀ। ਅਗਾਹਾਂ ਨੌਵੀਂ ਦਸਵੀਂ ਜਿਨ੍ਹਾਂ ਨੂੰ ਉਦੋਂ ਜੂਨੀਅਰ-ਸੀਨੀਅਰ ਕਿਹਾ ਜਾਂਦਾ ਸੀ, ਵਿਚ ਅੰਗ੍ਰੇਜ਼ੀ ਦੀ ਪੜ੍ਹਾਈ ਸ਼ੁਰੂ ਹੁੰਦੀ ਸੀ। ਖਾਲਸਾ ਸਕੂਲ ਪੂਰੀ ਤਰ੍ਹਾਂ ਧਾਰਮਿਕ ਰੰਗ ਵਿਚ ਰੰਗਿਆ ਹੋਇਆ ਸੀ। ਵਿਦਿਆਰਥੀ ਉਦੋਂ ਬੰਨੇ ਦੇ ਅਹਾਤੇ ਵਾਲੇ ਬੋਰਡਿੰਗ ਵਿਚ ਰਿਹਾ ਕਰਦੇ ਸਨ। ਜੂਨੀਅਰ-ਸੀਨੀਅਰ ਜਮਾਤਾਂ ਵਿਚ ਵੀ ਕਰਤਾਰ ਸਿੰਘ ਦਾ ਜਮਾਤੀ ਬਾਬਾ ਹਰਭਜਨ ਸਿੰਘ ਚਮਿੰਡਾ ਹੀ ਸੀ। ਉਸ ਵਕਤ ਸਕੂਲ ਦਾ ਮਾਹੌਲ ਕਿਹੋ ਜਿਹਾ ਸੀ, ਬਾਬਾ ਚਮਿੰਡਾ ਅਨੁਸਾਰ: ''ਇਸ ਸਕੂਲ ਦਾ ਵਾਤਾਵਰਣ ਸਿੱਖੀ ਪਿਆਰ, ਉਪਦੇਸ਼ ਅਤੇ ਸਿੱਖੀ ਰਹਿਤ ਮਰਿਆਦਾ ਨਾਲ ਭਰਪੂਰ ਸੀ। ਸਕੂਲ ਦੇ ਬੱਚਿਆਂ ਨੂੰ ਹਰ ਰੋਜ਼ ਸਿੱਖ ਇਤਿਹਾਸ ਦੀਆਂ ਕਹਾਣੀਆਂ ਸੁਣਾਈਆਂ ਜਾਂਦੀਆਂ। ਸ਼ਹੀਦੀ ਘਟਨਾਵਾਂ ਨੂੰ ਬਿਆਨ ਕੀਤਾ ਜਾਂਦਾ। ਗੁਰਮਤਿ ਸਬੰਧੀ ਪੂਰੀ ਜਾਣਕਾਰੀ ਦਿੱਤੀ ਜਾਂਦੀ। ਮਾਲਵਾ ਖਾਲਸਾ ਹਾਈ ਸਕੂਲ ਦੇ ਬੋਰਡਿੰਗ ਵਿਚ ਰਹਿਣ ਵਾਲੇ ਹਰ ਵਿਦਿਆਰਥੀ ਲਈ ਅੰਮ੍ਰਿਤ ਵੇਲੇ ਉਠਣਾ ਅਤੇ ਇਸ਼ਨਾਨ ਕਰਨਾ ਜ਼ਰੂਰੀ ਹੁੰਦਾ ਸੀ। ਫਿਰ ਸਾਰੇ ਬੋਰਡਰਜ਼ ਇਕੱਠੇ ਹੋ ਕੇ ਗੁਰਦੁਆਰਾ ਜਾਂਦੇ, ਢੋਲਕੀ ਚਿਮਟਿਆਂ ਨਾਲ ਸ਼ਬਦ ਕੀਰਤਨ ਕਰਦੇ, ਜੋਟੀਆਂ ਦੇ ਸ਼ਬਦ ਪੜ੍ਹਦੇ, ਮਸਤੀ ਵਿਚ ਆ ਕੇ ਰਸਭਿੰਨੇ ਕੀਰਤਨ ਦਾ ਆਨੰਦ ਮਾਣਦੇ। ਕੀਰਤਨ ਦੀ ਸਮਾਪਤੀ ਤੋਂ ਉਪਰੰਤ ਗੁਰਵਾਕ ਲਿਆ ਜਾਂਦਾ, ਅਰਦਾਸ ਕੀਤੀ ਜਾਂਦੀ। ਇਹ ਸਾਰਾ ਪ੍ਰੋਗਰਾਮ ਵਿਦਿਆਰਥੀ ਆਪ ਆਪਣੇ ਸ਼ੌਕ ਨਾਲ ਨਿੱਤ ਕਰਦੇ ਸਨ। ਸਭਨਾ ਲਈ ਸਿੱਖੀ ਰਹਿਤ ਵਿਚ ਤਿਆਰ-ਬਰਤਿਆਰ ਰਹਿਣਾ ਜ਼ਰੂਰੀ ਸੀ। ਰੇਬ ਕੱਛਹਿਰਾ ਪਹਿਨਣਾ, ਗਾਤਰਾ ਕਿਰਪਾਨ ਰੱਖਣੀ ਤੇ ਕੇਸਾਂ ਨੂੰ ਸਤਿਕਾਰ ਵੱਜੋਂ ਢੱਕ ਕੇ ਰੱਖਣਾ। ਕਮਰੇ ਵਿਚੋਂ ਨੰਗੇ ਸਿਰ ਬਾਹਰ ਨਿਕਲਣਾ ਭਾਰੀ ਅਵੱਗਿਆ ਸਮਝੀ ਜਾਂਦੀ ਸੀ। ਇਸੇ ਤਰ੍ਹਾਂ ਰਹਿਰਾਸ ਦੇ ਮੌਕੇ ਗੁਰਦੁਆਰੇ ਵਿਚ ਫਿਰ ਦੀਵਾਨ ਸੱਜਦਾ।'' 3

ਮਾਲਵਾ ਖਾਲਸਾ ਹਾਈ ਸਕੂਲ ਵਿਚ ਵਿਦਿਆਰਥੀਆਂ ਦੀ 'ਖਾਲਸਾ ਭੁਜੰਗੀ ਸਭਾ' ਬਣਾਈ ਹੋਈ ਸੀ। ਜੋ ਸਾਰੀਆਂ ਸਰਗਰਮੀਆਂ ਵਿਚ ਮੋਹਰੀ ਰਹਿੰਦੀ ਸੀ। ਗ਼ਦਰ ਲਹਿਰ ਵਿਚ ਜੇਲ ਕੱਟਣ ਵਾਲੇ ਗਿਆਨੀ ਨਾਹਰ ਸਿੰਘ ਗੁੱਜਰਵਾਲ ਅਨੁਸਾਰ : ''ਖਾਲਸਾ ਯੰਗ ਮੈਨਰਜ਼ ਲੀਗ (ਖਾਲਸਾ ਭੁਜੰਗੀ ਸਭਾ) ਲੁਧਿਆਣਾ 1885 ਈ. ਵਿਚ ਕਾਇਮ ਹੋਈ। ਖਾਲਸਾ ਹਾਈ ਸਕੂਲ ਲੁਧਿਆਣਾ ਦੇ ਜਾਰੀ ਹੋਣ ਤੋਂ ਪਹਿਲਾਂ ਸਿੱਖ ਲੜਕੇ ਬਹੁਤੇ ਮਿਸ਼ਨ ਹਾਈ ਸਕੂਲ ਵਿਚ ਹੀ ਪੜ੍ਹਿਆ ਕਰਦੇ ਸਨ। ਸੋ ਖਾਲਸਾ ਭੁਜੰਗੀ ਸਭਾ ਦਾ ਜ਼ੋਰ-ਤੋਰ ਭੀ ਇਸੇ ਸਕੂਲ ਵਿਚ ਹੀ ਸੀ। ਜਦੋਂ ਖਾਲਸਾ ਸਕੂਲ ਲੁਧਿਆਣਾ ਦੇ ਖੁੱਲਣ ਦੇ ਖਿਆਲ ਤੇ ਉਦਮ ਆਰੰਭ ਹੋਣ ਲੱਗੇ, ਉਸ ਯਤਨ ਤੇ ਪ੍ਰਰਨਾ ਵਿਚ ਇਸ ਭੁਜੰਗੀ ਸਭਾ ਦਾ ਖਾਸ ਹਿੱਸਾ ਸੀ। ਆਪਣੇ ਜ਼ਮਾਨੇ ਵਿਚ ਇਸ ਸਭਾ ਦੀ ਹਸਤੀ ਪੰਥ ਪ੍ਰਸਿਧ ਸੀ। ਪੰਥਕ ਇਕੱਠਾਂ ਵਿਚ ਇਸ ਦੇ ਪ੍ਰਤੀਨਿਧਾਂ ਨੂੰ ਖਾਸ ਤੌਰ ਪਰ ਬੁਲਾਇਆ ਜਾਂਦਾ ਸੀ, ਤੇ ਹਰ ਪੰਥਕ ਮਸਲੇ ਵਿਚ ਇਹ ਸਭਾ ਹਿੱਸਾ ਲੈਂਦੀ ਸੀ। ਖਾਲਸਾ ਹਾਈ ਸਕੂਲ ਖੁੱਲ ਜਾਣ ਪਰ ਸਭਾ ਦਾ ਸਭ ਜੋਰ-ਤੋਰ ਖਾਲਸਾ ਸਕੂਲ ਵਿਚ ਹੀ ਹੋ ਗਿਆ। ਸਕੂਲ 18 ਨਵੰਬਰ 1908 ਈ. ਨੂੰ ਜਾਰੀ ਹੋਇਆ। 1909 ਤੋਂ ਲੈ ਕੇ 1914 ਤੱਕ ਭਾਈ ਸਾਹਿਬ ਰਣਧੀਰ ਸਿੰਘ ਜੀ ਸਭਾ ਦੇ ਹਫਤਾਵਾਰੀ ਦੀਵਾਨ ਜੋ ਐਤਵਾਰ ਤੇ ਬੁੱਧਵਾਰ ਨੂੰ ਹੋਇਆ ਕਰਦੇ ਸਨ, ਉਨ੍ਹਾਂ ਵਿਚ ਕੀਰਤਨ ਕਰਿਆ ਕਰਦੇ ਤੇ ਗੁਰੂ ਨਾਨਕ ਦੇਵ ਜੀ ਤੇ ਸ੍ਰੀ ਗੁਰੂ ਦਸ਼ਮੇਸ਼ ਜੀ ਦੇ ਅਵਤਾਰ ਗੁਰਪੁਰਬਾਂ ਸਮੇਂ ਨਗਰ ਕੀਰਤਨ ਵਿਚ ਸ਼ਾਮਿਲ ਹੁੰਦੇ ਤੇ ਅਖੰਡ ਪਾਠ ਕਰਦੇ। ਸਕੂਲ ਵਿਚ ਬਹੁਤ ਵਾਰ ਗੁਰਪੁਰਬਾਂ ਦੇ ਸਮਾਗਮਾਂ ਪਰ ਅੰਮ੍ਰਿਤ ਪ੍ਰਚਾਰ ਹੋਏ, ਜਿਨ੍ਹਾਂ ਵਿਚ ਭਾਈ ਸਾਹਿਬ ਵੀ ਸ਼ਾਮਿਲ ਹੁੰਦੇ ਰਹੇ।'' ਸੋ ਇਹ ਕਿਤੇ ਹੋ ਸਕਦਾ ਹੈ ਕਿ ਭਾਈ ਕਰਤਾਰ ਸਿੰਘ ਸਰਾਭਾ ਇਨ੍ਹਾਂ ਗਤਿਵਿਧਿਆਂ ਵਿਚ ਸ਼ਾਮਿਲ ਨਾ ਹੁੰਦਾ ਹੋਵੇ ? ਬਾਬਾ ਹਰਭਜਨ ਸਿੰਘ ਚਮਿੰਡਾ ਅਨੁਸਾਰ: ਉਹ ਤਾਂ ਹਰ ਸਰਗਰਮੀ ਵਿਚ ਮੂਹਰੇ ਰਹਿੰਦਾ ਸੀ, ਹਰ ਵੇਲੇ ਟਪੂੰ-ਟਪੂੰ ਕਰਦਾ ਰਹਿੰਦਾ ਸੀ। ਇਸੇ ਕਰਕੇ ਸਕੂਲ ਵਿਚ ਉਸ ਦਾ ਨਾਂਅ 'ਉੱਡਣਾ ਸੱਪ' ਰੱਖਿਆ ਹੋਇਆ ਸੀ।



1910-1911 ਦੌਰਾਨ ਭਾਈ ਕਰਤਾਰ ਸਿੰਘ ਆਪਣੇ ਚਾਚੇ ਬਖਸੀਸ ਸਿੰਘ ਕੋਲ ਉੜੀਸਾ ਚਲਿਆ ਗਿਆ; ਜਿੱਥੇ ਉਸਨੇ ਦਸਵੀਂ ਪਾਸ ਕੀਤੀ। ਲਗਦਾ ਹੈ ਕਿ ਦਸਵੀਂ ਤੋਂ ਬਾਅਦ ਭਾਈ ਕਰਤਾਰ ਸਿੰਘ ਨੇ ਵਿਦੇਸ਼ ਵਿਚ ਜਾ ਕੇ ਪੜ੍ਹਨ ਦੀ ਇੱਛਾ ਜ਼ਾਹਰ ਕੀਤੀ ਹੋਵੇ। ਪਹਿਲਾਂ ਜ਼ਿਕਰ ਕਰ ਚੁਕੇ ਹਾਂ ਕਿ ਪਰਿਵਾਰ ਕਾਫੀ ਪੜ੍ਹਿਆ ਲਿਖਿਆ ਸੀ। ਭਾਈ ਕਰਤਾਰ ਸਿੰਘ ਦੇ ਤਿੰਨ ਚਾਚੇ ਸ. ਬਿਸ਼ਨ ਸਿੰਘ, ਡਾ. ਵੀਰ ਸਿੰਘ, ਤੇ ਬਖਸ਼ੀਸ਼ ਸਿੰਘ ਚੰਗੀਆਂ ਨੌਕਰੀਆਂ ਉੱਤੇ ਉਦੋਂ ਲੱਗੇ ਹੋਏ ਸਨ। ਬਖਸ਼ੀਸ਼ ਸਿੰਘ ਉੜੀਸਾ ਵਿਚ ਜੰਗਲਾਤ ਮਹਿਕਮੇ ਵਿਚ ਸੀ ਤੇ ਇਕ ਚਾਚਾ ਯੂ.ਪੀ. ਵਿਚ ਸਬ ਇੰਸਪੈਕਟਰ ਸੀ। ਉਸ ਵਕਤ ਪੜ੍ਹਾਈ ਦੀਆਂ ਦੋ ਧਾਰਾਵਾਂ ਸਨ, ਜਿਨ੍ਹਾਂ ਨੇ ਅੰਗ੍ਰੇਜ਼ੀ ਦੀ ਚਾਕਰੀ ਕਰਨੀ ਹੁੰਦੀ ਸੀ, ਉਹ ਇੰਗਲੈਂਡ ਜਾ ਕੇ ਪੜ੍ਹਾਈ ਕਰਦੇ ਸਨ, ਤੇ ਜਿਨ੍ਹਾਂ ਨੇ ਅਜ਼ਾਦ ਜੀਵਨ ਜਿਉਣਾ ਹੁੰਦਾ ਸੀ ਉਹ ਅਮਰੀਕਾ ਨੂੰ ਤਰਜ਼ੀਹ ਦਿੰਦੇ ਸਨ। ਸੋ ਭਾਈ ਕਰਤਾਰ ਸਿੰਘ ਦੇ ਪਰਿਵਾਰ ਨੇ ਉਸ ਨੂੰ ਅਮਰੀਕਾ ਭੇਜਣ ਨੂੰ ਤਰਜ਼ੀਹ ਦਿੱਤੀ। ਭਾਈ ਕਰਤਾਰ ਸਿੰਘ ਜਨਵਰੀ 1912 ਵਿਚ ਅਮਰੀਕਾ ਦੀ ਕੈਲੀਫੋਰਨੀਆ ਸਟੇਟ ਵਿਚ ਪਹੁੰਚਿਆ ਅਤੇ ਬਰਕਲੇ ਯੂਨੀਵਰਸਿਟੀ ਦੇ ਕੈਮਿਸਟਰੀ ਵਿਭਾਗ ਵਿਚ ਦਾਖਲਾ ਲੈ ਲਿਆ। ਉਸ ਵਕਤ ਪੰਜਾਬ ਤੋਂ ਪਹੁੰਚਣ ਵਾਲੇ ਸਿੱਖ ਕੈਲੀਫੋਰਨੀਆ ਹੀ ਪਹੁੰਚਦੇ ਸਨ। ਕਿਉਂਕਿ ਉਥੇ ਸਿੱਖ ਵੱਡੀ ਗਿਣਤੀ ਵਿਚ ਰਹਿੰਦੇ ਸਨ। ਜੋ ਖੇਤੀ ਫਾਰਮਾਂ ਵਿਚ ਕੰਮ ਕਰਦੇ ਸਨ। ਇਸ ਸਟੇਟ ਦਾ ਪੌਣ ਪਾਣੀ ਵੀ ਪੰਜਾਬ ਵਰਗਾ ਹੀ ਹੈ। ਅੰਗ੍ਰੇਜ਼ਾਂ ਦੀਆਂ ਖੂਫੀਆ ਵਿਭਾਗ ਦੀਆਂ ਰਿਪੋਰਟਾਂ ਅਨੁਸਾਰ ਭਾਈ ਕਰਤਾਰ ਸਿੰਘ ਫਰਵਰੀ 1913 ਵਿਚ ਅਮਰੀਕਾ ਪਹੁੰਚਿਆ ਸੀ।

ਜਿਸ ਵਕਤ ਭਾਈ ਕਰਤਾਰ ਸਿੰਘ ਅਮਰੀਕਾ ਪਹੁੰਚਿਆ ਉਸ ਵਕਤ ਭਾਰਤੀਆਂ ਵਿਚ ਅੰਗ੍ਰੇਜ਼ ਵਿਰੋਧੀ ਮਾਹੌਲ ਭਖਿਆ ਹੋਇਆ ਸੀ। ਬਰਕਲੇ ਯੂਨੀਵਰਸਿਟੀ ਨੇੜੇ ਹਿੰਦੂ ਵਿਦਿਆਰਥੀਆਂ ਨੇ ਨਾਲੰਦਾ ਹੋਸਟਲ ਬਣਾਇਆ ਹੋਇਆ ਸੀ। ਜਿਸ ਵਿਚ ਜਤਿੰਦਰ ਨਾਥ ਲਹਿਰੀ, ਸੁਰਿੰਦਰ ਬੋਸ ਅਤੇ ਤਾਰਕ ਨਾਥ ਵਰਗੇ ਵਿਦਿਆਰਥੀ ਰਹਿੰਦੇ ਸਨ। ਜੋ ਅੰਗ੍ਰੇਜ਼ਾਂ ਵਿਚ ਪ੍ਰਚਾਰ ਕਰਦੇ ਸਨ। ਜੋ ਵਿਦਿਆਰਥੀ ਬਾਬਾ ਜਵਾਲਾ ਸਿੰਘ (ਜੋ ਪਿੱਛੋਂ ਗ਼ਦਰ ਪਾਰਟੀ ਦੇ ਮੀਤ ਪ੍ਰਧਾਨ ਬਣੇ) ਦੇ ਵਜ਼ੀਫੀਆਂ 'ਤੇ ਪੜ੍ਹਨ ਆਏ ਸਨ, ਉਹ ਯੂਨੀਵਰਸਿਟੀ ਨੇੜੇ ਹੀ ਸ਼ੈਟੁੱਕ ਹੋਟਲ ਵਿਚ ਰਹਿੰਦੇ ਸਨ, ਜਿਨ੍ਹਾਂ ਦਾ ਇੰਚਾਰਜ ਲਾਲਾ ਹਰਦਿਆਲ ਸੀ, ਜੋ ਉਸ ਵਕਤ ਸਟੇਟ ਫਾਰਟ ਯੂਨੀਵਰਸਿਟੀ ਦੇ ਅਰਾਜਕਤਾਵਾਦੀ ਵਿਚਾਰਾਂ ਕਾਰਨ ਕੱਢ ਦਿੱਤਾ ਸੀ।

ਹਰਦਿਆਲ ਉਸ ਵਕਤ ਅੰਗ੍ਰੇਜ਼ਾਂ ਵਿਰੁੱਧ ਖੁੱਲਮ ਖੁੱਲਾ ਪ੍ਰਚਾਰ ਕਰ ਰਿਹਾ ਸੀ। 1912 ਦੌਰਾਨ ਦਿੱਲੀ 'ਚ ਜੋ ਵਾਇਸਰਾਏ ਹਾਰਡਿੰਗ ਉਪਰ ਬੰਬ ਸੁੱਟਿਆ ਗਿਆ ਸੀ, ਹਰਦਿਆਲ ਨੇ ਉਸ ਦੀ ਪੂਰੀ ਜੈ ਜੈ ਕਾਰ ਕੀਤੀ ਸੀ। ਪਰ ਹਿੰਦੂ ਵਿਦਿਆਰਥੀਆਂ ਦੀ ਕਿਸੇ ਲਿਖਤ ਵਿਚ ਭਾਈ ਕਰਤਾਰ ਸਿੰਘ ਦੀ ਕਿਸੇ ਸਰਗਰਮੀ ਦਾ ਜ਼ਿਕਰ ਨਹੀਂ ਕੀਤਾ ਗਿਆ। ਹਾਂ ! ਇਕ ਥਾਂ ਲਾਲਾ ਹਰਦਿਆਲ ਦੇ ਸਾਲੇ ਗੋਬਿੰਦ ਬਿਹਾਰੀ ਲਾਲ (ਜੋ ਬਾਬਾ ਜਵਾਲਾ ਸਿੰਘ ਦਾ ਵਜੀਫਾਖੋਰ ਸੀ) ਨੇ ਸ਼ੈਟੁੱਕ ਹੋਟਲ ਵਿਚ ਹੋਈ ਇਕ ਮੀਟਿੰਗ ਦਾ ਜ਼ਿਕਰ ਕੀਤਾ ਹੈ, ਜਿਸ ਦੀ ਪ੍ਰਧਾਨਗੀ ਹਰਦਿਆਲ ਨੇ ਕੀਤੀ ਸੀ, ਤੇ ਭਾਈ ਕਰਤਾਰ ਸਿੰਘ ਉਸ ਵਿਚ ਸ਼ਾਮਿਲ ਹੋਇਆ ਸੀ।

ਵੈਸੇ ਜਿਸ ਵਕਤ ਸਰਾਭਾ ਪੰਜਾਬ ਤੋਂ ਅਮਰੀਕਾ ਲਈ ਚਲਿਆ ਸੀ, ਉਸ ਵਕਤ ਸਿੱਖਾਂ ਵਿਚ ਅੰਗ੍ਰੇਜ਼ ਵਿਰੋਧੀ ਭਾਵਨਾਵਾਂ ਭੜਕ ਉਠੀਆਂ ਸਨ। ਅੰਗ੍ਰੇਜ਼ਾਂ ਨੇ ਗੁਰ-ਦੁਆਰਾ ਰਕਾਬ ਗੰਜ ਦੀ ਕੰਧ ਢਾਹ ਦਿੱਤੀ ਸੀ, ਤੇ ਭਾਈ ਰਣਧੀਰ ਸਿੰਘ ਇਸ ਘੋਲ ਵਿਚ ਸਰਗਰਮ ਸੀ। ਭਾਈ ਕਰਤਾਰ ਸਿੰਘ ਰਸਤੇ ਵਿਚ ਹਾਂਗਕਾਂਗ ਦੇ ਗੁਰਦੁ-ਆਰੇ ਵਿਚ ਰੁਕਿਆ ਸੀ, ਜੋ ਅੰਗ੍ਰੇਜ਼ ਵਿਰੋਧੀ ਪ੍ਰਚਾਰ ਦਾ ਕੇਂਦਰ ਬਣ ਚੁਕਿਆ ਸੀ। ਉਸ ਵਕਤ ਗੁਰਦੁਆਰੇ ਦਾ ਗ੍ਰੰਥੀ ਭਾਈ ਭਗਵਾਨ ਸਿੰਘ 'ਪ੍ਰੀਤਮ' ਸੀ, ਜੋ ਪਿੱਛੋਂ ਜਾ ਕੇ ਮਸ਼ਹੂਰ ਕਵੀ ਤੇ ਗ਼ਦਰ ਪਾਰਟੀ ਦਾ ਮੀਤ ਪ੍ਰਧਾਨ ਬਣਿਆ। ਭਾਈ ਕਰਤਾਰ ਸਿੰਘ ਦਾ ਇੱਥੇ ਭਾਈ ਭਗਵਾਨ ਸਿੰਘ ਨਾਲ ਚੰਗੀ ਦੋਸਤੀ ਪੈ ਗਈ। ਜਿਸ ਨੂੰ ਭਾਈ ਜੀ ਨੇ ਬਾਅਦ ਵਿਚ ਮਾਣ ਨਾਲ ਯਾਦ ਕੀਤਾ ਸੀ : ''ਥੋੜੀ ਦੇਰ ਬਾਅਦ ਸਵੇਰ ਦੇ ਦਰਸ਼ਨ ਕਰਨ 'ਤੇ ਇਕ ਹੋਰ ਨੌਜਵਾਨ ਮਿਲਿਆ। ਮੈਨੂੰ ਇਹ ਗਿਆਤ ਵੀ ਨਹੀਂ ਸੀ ਕਿ ਮੈਂ ਇਕ ਅਜਿਹੇ ਨੌਨਿਹਾਲ ਨਾਲ ਬਾਤਚੀਤ ਕਰ ਰਿਹਾ ਹਾਂ, ਜੋ ਮੇਰੇ ਬੱਚਿਆਂ ਨਾਲੋਂ ਵੀ ਪਿਆਰਾ ਤੇ ਵਤਨ ਦਾ ਬੇਸ਼ਕੀਮਤੀ ਲਾਲ ਹੋ ਚਮਕੇਗਾ। ਇਹ ਸੀ ਕਰਤਾਰ ਸਿੰਘ ਸਰਾਭਾ, ਬੱਚਾ ਸੀ ਅਜੇ, ਦਾੜ੍ਹੀ ਨਹੀਂ ਉਤਰੀ ਸੀ, ਮਿਲਣ ਸਾਰ, ਸੁੰਦਰ, ਸੰਜੀਦਾ ਤੇ ਹੋਣਹਾਰ।

ਹਰ ਹਫਤੇ ਗੁਰਦੁਆਰੇ ਵਿਚ ਲੈਕਚਰ ਹੋਣ ਤੋਂ ਇਲਾਵਾ ਖੇਲਾਂ ਵੀ ਹੁੰਦੀਆਂ ਸਨ। ਕੁਸ਼ਤੀਆਂ, ਗੋਲਾ ਸੁੱਟਣਾ, ਆਦਿ-ਕਾ ਸ਼ਾਮ ਨੂੰ ਕਥਾ ਕੀਰਤਨ, ਬਹਿਸ ਮੁਹਾਸਲੇ ਵਗੈਰਾ ਸਧਾਰਨ ਜਿੰਦਗੀ ਸੀ। ਬਤੌਰ ਗ੍ਰੰਥੀ ਮੈਂ ਦੋ ਵਾਰੀ ਹਰ ਰੋਜ਼ ਸਾਰੇ ਮੁਸਾਫਿਰਾਂ ਨੂੰ ਮਿਲਿਆ ਕਰਦਾ ਸੀ, ਉਨ੍ਹਾਂ ਦੇ ਨਾਂਅ ਪਤੇ ਲਿਖਿਆ ਕਰਦਾ ਸੀ, ਸ਼ਿਕਾਇਤਾਂ ਸੁਣਦਾ ਤੇ ਅਗਰ ਕੋਈ ਸੇਵਾ ਜਾਂ ਲੋੜ ਹੋਵੇ ਤਾਂ ਪੂਰੀ ਕਰਦਾ, ਹਰ ਸੁਭਾ ਤੇ ਸ਼ਾਮ ਨੂੰ। ਉਹ ਕੱਲ ਰਾਤੀਂ ਆਇਆ ਸੀ ਤੇ ਅੱਜ ਸਵੇਰੇ ਮਿਲੇ। ਇਕ ਲੈਕਚਰ ਸੁਣਿਆ ਤੇ ਇਕ ਗੋਲਾਬਾਜ਼ੀ ਦੇਖ ਕੇ ਦੋਸਤ ਬਣ ਗਏ। ਉਹ ਵਿਦੇਸ਼ੀ ਮੁਲਕਾਂ ਵਿਚ ਬੜੀ ਦਿਲਚਸਪੀ ਰਖਦਾ। ਚੀਨ, ਜਪਾਨ, ਕੈਨੇਡਾ ਤੇ ਅਮਰੀਕਾ ਬਾਰੇ ਖਬਰਾਂ ਪੁੱਛਦਾ ਰਹਿੰਦਾ। ਚੰਦ ਹਫਤਿਆਂ ਦੀ ਵਾਕਫੀ ਮੇਰੇ ਦਿਲ 'ਤੇ ਕਾਫੀ ਅਸਰ ਕਰ ਗਈ ਤੇ ਉਸ ਦੇ ਵੀ। 1914 ਵਿਚ ਅਸੀਂ ਅਮਰੀਕਾ ਵਿਚ ਇਕ ਵਾਰੀ ਫਿਰ ਗਲੇਬਾਂ ਆ ਹੋਏ।''9

ਲਗਦਾ ਹੈ ਕਿ ਭਾਈ ਕਰਤਾਰ ਸਿੰਘ ਦਾ ਪੜ੍ਹਾਈ ਵਿਚ ਮਨ ਨਹੀਂ ਲੱਗਿਆ ਤੇ ਨਾ ਹੀ ਉਸ ਦੀ ਹਿੰਦੂ ਵਿਦਿਆਰਥੀਆਂ ਨਾਲ ਕਰੂਰਾਂ ਮਿਲਿਆ ਹੋਵੇਗਾ। ਉਹ ਜਲਦੀ ਹੀ ਯੂਲੋ ਕਾਉਂਟੀ ਵਿਚ ਆਪਣੇ ਪਿੰਡ ਦੇ ਭਾਈ ਰੁਲੀਆ ਸਿੰਘ ਕੋਲ ਚਲਿਆ ਗਿਆ। ਉਸ ਵਕਤ ਗਦਰ ਪਾਰਟੀ ਬਣਾਉਣ ਦੀਆਂ ਸਰਗਰਮੀਆਂ ਸ਼ੁਰੂ ਹੋ ਗਈਆਂ ਸਨ। ਭਾਈ ਕਰਤਾਰ ਸਿੰਘ ਨੇ ਆਪਣਾ ਜੀਵਨ ਪਾਰਟੀ ਨੂੰ ਹੀ ਸਮਰਪਿਤ ਕਰਨ ਦਾ ਫੈਸਲਾ ਕਰ ਲਿਆ ਸੀ। ਭਾਵੇਂ ਉਸ ਦਾ ਨਾਂਅ ਪਾਰਟੀ ਦੇ ਅਹੁਦੇਦਾਰਾਂ ਵਿਚ ਨਹੀਂ ਆਉਂਦਾ ਪਰ ਜਦ ਨਵੰਬਰ 1913 ਤੋਂ 'ਗਦਰ' ਦਾ ਪਹਿਲਾ ਪਰਚਾ ਨਿਕਲਿਆ ਤਾਂ ਭਾਈ ਕਰਤਾਰ ਸਿੰਘ ਪਰਚੇ ਦੇ ਬਾਨੀਆਂ ਵਿਚ ਸ਼ਾਮਿਲ ਸੀ। ਜਦ ਦਸੰਬਰ 1913 ਵਿਚ ਗੁਰਮੁਖੀ 'ਗਦਰ' ਸ਼ੁਰੂ ਹੋਇਆ ਤਾਂ ਭਾਈ ਕਰਤਾਰ ਸਿੰਘ ਉਪਰ ਹੀ ਪਰਚੇ ਦੀ ਮੁੱਖ ਜਿੰਮੇਵਾਰੀ ਸੀ। ਲਾਲਾ ਹਰਦਿਆਲ ਦੀਆਂ ਉਰਦੂ ਲਿਖਤਾਂ ਨੂੰ ਗੁਰਮੁਖੀ ਵਿਚ ਭਾਈ ਕਰਤਾਰ ਸਿੰਘ ਹੀ ਕਰਦਾ ਸੀ। ਭਾਈ ਕਰਤਾਰ ਸਿੰਘ ਦਾ ਪਰਚੇ ਵਿਚ ਕੰਮ ਕਰਨ ਦਾ ਸਮਾਂ ਸਾਲ ਤੋਂ ਵੀ ਘੱਟ ਬਣਦਾ ਹੈ, ਪਰ ਇੰਨੇ ਥੋੜੇ ਸਮੇਂ ਵਿਚ ਹੀ ਉਸ ਨੇ ਆਪਣੇ ਕੰਮ ਅਤੇ ਲਿਆਕਤ ਨਾਲ ਆਪਣੀ ਸ਼ਖਸੀਅਤ ਨੂੰ ਸਥਾਪਤ ਕਰ ਦਿੱਤਾ ਸੀ। ਉਸ ਦੇ ਸਾਥੀਆਂ ਵਿਚ ਉਸ ਦਾ ਕਾਫੀ ਸਤਿਕਾਰ ਬਣ ਗਿਆ ਸੀ। ਇਸ ਵਿਚ ਕੋਈ ਸ਼ੱਕ ਨਹੀਂ ਕਿ ਭਾਈ ਕਰਤਾਰ ਸਿੰਘ ਸਰਾਭਾ ਸਮੇਤ ਸਿੱਖ ਗਦਰੀ, ਸਿੱਖ ਧਰਮ ਅਤੇ ਇਤਿਹਾਸਕ ਵਿਰਸੇ ਤੋਂ ਪ੍ਰੇਰਣਾ ਲੈਂਦੇ ਸਨ। ਇਸ ਦਾ ਪ੍ਰਤੱਖ ਸਬੂਤ 'ਗਦਰ' ਅਖਬਾਰ ਹੈ। ਉਰਦੂ ਪਰਚੇ ਉਪਰ ਬੈਨਰ ਲਾਈਨ ਸੀ 'ਅੰਗ੍ਰੇਜ਼ੀ ਰਾਜ ਕਾ ਦੁਸ਼ਮਨ' ਪਰ ਗੁਰਮੁਖੀ 'ਗਦਰ' ਉਪਰ ਗੁਰਬਾਣੀ ਦਾ ਇਹ ਸ਼ਬਦ ਬੈਨਰ ਲਾਈਨ ਵੱਜੋਂ ਲਿਖੇ ਹੋਏ ਸਨ : 'ਜੇ ਤਉ ਪਰੇਮ ਖੇਲਣ ਕਾ ਚਾਓ ਸਿਰ ਧਰ ਤਲੀ ਗਲੀ ਮੇਰੀ ਆਓ''।

ਜਦ ਅਗਸਤ 1914 ਵਿਚ ਪਹਿਲਾ ਸੰਸਾਰ ਯੁੱਧ ਲਗ ਜਾਣ ਦੇ ਮੱਦੇ ਨਜ਼ਰ ਗ਼ਦਰ ਪਾਰਟੀ ਨੇ ਭਾਰਤ ਚਲ ਕੇ ਇਨ-ਕਲਾਬ ਕਰਨ ਦਾ ਫੈਸਲਾ ਕਰ ਲਿਆ ਸੀ ਤਾਂ ਭਾਈ ਕਰਤਾਰ ਸਿੰਘ, ਪੰਜਾਬ ਪਹੁੰਚਣ ਵਾਲੇ ਗਦਰੀਆਂ ਵਿਚ ਸ਼ਾਮਿਲ ਸਨ। ਕਲਕੱਤੇ ਦੀਆਂ ਬੰਦਰਗਾਹਾਂ 'ਤੇ ਅੰਗ੍ਰੇਜ਼ਾਂ ਨੇ ਨਾਕੇ ਲਗਾ ਰੱਖੇ ਸਨ। ਭਾਈ ਕਰਤਾਰ ਸਿੰਘ ਹੋਰੀ ਕੋਲੰਬੋ ਰਾਹੀਂ ਭਾਰਤ ਵਿਚ ਦਾਖਲ ਹੋਏ ਸਨ। ਅੰਗ੍ਰੇਜ਼ ਸਰਕਾਰ ਨੇ ਭਾਵੇਂ ਕਲਕੱਤੇ ਦੀਆਂ ਬੰਦਰਗਾਹਾਂ 'ਤੇ ਗਦਰ ਲਹਿਰ ਦੀ ਚੋਟੀ ਦੀ ਲੀਡਰਸ਼ਿਪ ਭਾਈ ਸੋਹਣ ਸਿੰਘ ਭਕਨਾ, ਬਾਬਾ ਜਵਾਲਾ ਸਿੰਘ , ਬਾਬਾ ਕੇਸਰ ਸਿੰਘ ਠੱਠਗੜ੍ਹ, ਬਾਬਾ ਸ਼ੇਰ ਸਿੰਘ ਵੇਈ ਪੂੰਈ ਆਦਿ ਨੂੰ ਗ੍ਰਿਫਤਾਰ ਕਰਕੇ ਇਕ ਤਰ੍ਹਾਂ ਲਹਿਰ ਦਾ ਲੱਕ ਹੀ ਤੋੜ ਦਿੱਤਾ ਸੀ। ਪਰ ਫਿਰ ਜਿਵੇਂ ਲਹਿਰ ਉਭਰ ਕੇ ਸਿਖਰ ਤੱਕ ਪਹੁੰਚੀ, ਇਹ ਇਕ ਤਰ੍ਹਾਂ ਨਾਲ ਕਰਾਮਾਤ ਹੀ ਸੀ। ਇਸ ਕਰਾਮਾਤ ਲਈ ਭਾਈ ਕਰਤਾਰ ਸਿੰਘ ਸਰਾਭੇ ਦੀ ਅਣਥੱਕ ਮਿਹਨਤ ਸੀ। ਇਕ ਪਾਸੇ ਉਸ ਨੇ ਮਾਲਵਾ ਖਾਲਸਾ ਹਾਈ ਸਕੂਲ ਦੇ ਵਿਦਿਆਰਥੀਆਂ ਨੂੰ ਤਿਆਰ ਕੀਤਾ, ਦੂਜੇ ਪਾਸੇ ਰਕਾਬ ਗੰਜ ਐਜੀਟੇਸ਼ਨ ਨਾਲ ਜੁੜੇ ਹੋਏ ਭਾਈ ਸਾਹਿਬ ਭਾਈ ਰਣਧੀਰ ਸਿੰਘ ਵਰਗੇ ਧਾਰਮਿਕ ਆਗੂਆਂ ਨਾਲ ਤਾਲ ਮੇਲ ਕੀਤਾ, ਤੀਜਾ ਬੰਗਾਲ ਦੇ ਕ੍ਰਾਂਤੀਕਾਰੀਆਂ ਨਾਲ ਤਾਲਮੇਲ ਕਰਕੇ ਉਨ੍ਹਾਂ ਕੋਲੋਂ ਹਥਿਆਰਾਂ ਦਾ ਪ੍ਰਬੰਧ ਕੀਤਾ, ਚੌਥਾ ਫਿਰੋਜ਼ਪੁਰ ਮੀਆਂਮੀਰ, ਬੰਨੂ ਕੁਹਾਰ ਰਾਵਲ ਪਿੰਡੀ, ਅੰਬਾਲਾ, ਫੈਜ਼ਾਬਾਦ, ਬਨਾਰਸ ਆਦਿ ਦੀਆਂ ਫੌਜੀ ਛਾਉਣੀਆਂ ਵਿਚ ਫੌਜੀਆਂ ਨਾਲ ਤਾਲਮੇਲ ਕਰਕੇ ਉਨ੍ਹਾਂ ਨੂੰ ਬਗਾਵਤ ਲਈ ਤਿਆਰ ਕੀਤਾ। ਉਸ ਦਾ ਕੰਮ ਦੇਖ ਕੇ ਬੰਗਾਲੀ ਇਨਕਲਾਬੀ ਸਚਿੰਦਰ ਨਾਥ ਸਨਿਆਲ ਵੀ ਹੈਰਾਨ ਰਹਿ ਗਿਆ ਸੀ, ''ਉਨੀਂ ਦਿਨੀਂ ਕਰਤਾਰ ਸਿੰਘ ਬਹੁਤ ਸਖਤ ਮਿਹਨਤ ਕਰ ਰਹੇ ਸਨ। ਉਹ ਹਰ ਰੋਜ਼ ਸਾਇਕਲ 'ਤੇ ਪਿੰਡਾਂ ਵਿਚ ਲਗਭਗ 40-50 ਮੀਲ ਦਾ ਚੱਕਰ ਲਗਾਉਂਦੇ ਸਨ। ਪਿੰਡ ਪਿੰਡ ਕੰਮ ਕਰਨ ਲਈ ਜਾਂਦੇ ਸਨ। ਇਨੀਂ ਮਿਹਨਤ ਕਰਨ 'ਤੇ ਵੀ ਉਹ ਥੱਕਦੇ ਨਹੀਂ ਸਨ। ਜਿਨੀਂ ਉਹ ਮਿਹਨਤ ਕਰਦੇ ਸਨ, ਉਨੀਂ ਹੀ ਉਨ੍ਹਾਂ ਵਿਚ ਫੁਰਤੀ ਆ ਜਾਂਦੀ ਸੀ।'' 10

ਕਰਤਾਰ ਸਿੰਘ ਸਰਾਭੇ ਦਾ ਸਿੱਖ ਪ੍ਰਚਾਰ ਦਾ ਮਸਲਾ

ਜਦ ਅਸੀਂ ਗ਼ਦਰ ਲਹਿਰ ਨੂੰ ਸਿੱਖਾਂ ਦੀ ਲਹਿਰ ਦੀ ਆਖਦੇ ਹਾਂ ਤਾਂ ਬਹੁਤ ਸਾਰੇ ਖੱਬੇ ਪੱਖੀ ਭਾਈ ਕਰਤਾਰ ਸਿੰਘ ਸਰਾਭੇ ਦੀ ਬੋਦੀਆਂ ਵਾਲੀ ਫੋਟੋ ਨੂੰ ਉਤਾਰ ਕੇ ਗ਼ਦਰ ਲਹਿਰ ਨੂੰ 'ਭਾਰਤੀਆਂ' ਦੀ ਲਹਿਰ ਸਿੱਧ ਕਰਨ 'ਤੇ ਜ਼ੋਰ ਲਗਾਉਂਦੇ ਹਨ। ਭਾਈ ਕਰਤਾਰ ਸਿੰਘ ਨੇ ਅਮਰੀਕਾ ਵਿਚ ਕੇਸ ਉਦੋਂ ਕਟਵਾਏ ਸਨ, ਜਦ ਗਦਰ ਪਾਰਟੀ ਨੇ ਜਰਮਨੀ ਦੀ ਸਹਾਇਤਾ ਨਾਲ ਉਸ ਨੂੰ ਨਿਊਯਾਰਕ ਦੀ ਐਵੀਏਸ਼ਨ ਅਕੈਡਮੀ ਤੋਂ ਹਵਾਈ ਜ਼ਹਾਜ਼ ਚਲਾਉਣਾ ਸਿੱਖਣ ਦੀ ਯੋਜਨਾ ਬਣਾਈ ਸੀ। ਇਹ ਫੈਸਲਾ ਪਾਰਟੀ ਨੇ ਲੰਬੀ ਤਿਆਰੀ ਦੇ ਮੱਦੇਨਜ਼ਰ ਕੀਤਾ ਸੀ। ਉਨ੍ਹਾਂ ਨੂੰ ਖਿਆਲ ਹੀ ਨਹੀਂ ਸੀ ਕਿ ਜੰਗ ਕਾਰਨ ਨੂੰ ਉਨ੍ਹਾਂ ਨੂੰ ਤੱਤ ਭੜੱਤੇ ਹੀ ਭਾਰਤ ਜਾਣਾ ਪਵੇਗਾ। ਐਵੀਏਸ਼ਨ ਅਕੈਡਮੀ ਦਾ ਨਿਯਮ ਸੀ ਕਿ ਜੇਕਰ ਵਿਦਿਆਰਥੀਆਂ ਨੇ ਆਪਣੇ ਸਰੂਪ ਮੁਤਾਬਿਕ ਸਿਖਲਾਈ ਲੈਣੀ ਹੈ ਤਾਂ ਕਲਾਸ ਵਿਚ ਘੱਟੋ ਘੱਟ 25 ਵਿਦਿਆਰਥੀ ਹੋਣੇ ਚਾਹੀਦੇ ਹਨ। ਜੇਕਰ 25 ਤੋਂ ਘੱਟ ਹਨ ਤਾਂ ਉਨ੍ਹਾਂ ਨੂੰ ਗੋਰੇ ਵਿਦਿਆਰਥੀਆਂ ਵਾਲਾ ਸਰੂਪ ਧਾਰਨ ਕਰਨਾ ਪਵੇਗਾ। ਸੋ ਉਸ ਵਕਤ ਉਥੇ 25 ਸਿੱਖ ਵਿਦਿਆਰਥੀ ਇਕੱਠੇ ਨਹੀਂ ਹੋ ਸਕਦੇ ਸਨ। ਜਿਸ ਕਰਕੇ ਕਾਹਲੀ ਵਿਚ ਭਾਈ ਕਰਤਾਰ ਸਿੰਘ ਨੂੰ ਆਪਣਾ ਸਿੱਖੀ ਸਰੂਪ ਤਿਆਗਣਾ ਪਿਆ।

ਦੂਜਾ ਭਾਰਤ ਪਰਤਣ ਸਮੇਂ ਜੇਕਰ ਭਾਈ ਕਰਤਾਰ ਸਿੰਘ ਨੇ ਸਿੱਖੀ ਸਰੂਪ ਤਜਿਆ ਹੁੰਦਾ ਤਾਂ ਉਹ ਕੋਲੰਬੋ ਦੀ ਬਜਾਏ ਬੇਖਟਕੇ ਹੀ ਕਲਕੱਤੇ ਦੇ ਰਸਤੇ ਆ ਸਕਦਾ ਸੀ, ਕਿਉਂਕਿ ਅੰਗ੍ਰੇਜ਼ ਸਰਕਾਰ ਗ਼ਦਰ ਲਹਿਰ ਨੂੰ ਸਿੱਖਾਂ ਦੀ ਲਹਿਰ ਹੀ ਸਮਝਦੀ ਸੀ। 12 ਬਾਹਰੋਂ ਆਉਣ ਵਾਲੇ ਮੋਨਿਆਂ ਦੀ ਕੋਈ ਪੁੱਛ ਗਿੱਛ ਨਹੀਂ ਸੀ ਹੁੰਦੀ। ਪੰਡਿਤ ਪਰਮਾਨੰਦ ਝਾਂਸੀ, ਪ੍ਰਿਥਵੀ ਸਿੰਘ ਅਜ਼ਾਦ ਤੇ ਪੰਡਤ ਜਗਤ ਰਾਮ ਇਸੇ ਤਰ੍ਹਾਂ ਹੀ ਨਿਕਲ ਆਏ ਸਨ।13

ਤੀਜਾ, ਜੇ ਕਰ ਭਾਈ ਕਰਤਾਰ ਸਿੰਘ ਪਤਿਤ ਹੁੰਦਾ ਤਾਂ ਭਾਈ ਸਾਹਿਬ ਰਣਧੀਰ ਸਿੰਘ ਵਰਗੇ ਧਾਰਮਿਕ ਪੁਰਸ਼ ਨੇ ਉਸ ਦਾ ਭਰੋਸਾ ਤਾਂ ਕੀ ਕਰਨਾ ਸੀ, ਉਸ ਨਾਲ ਗੱਲ ਵੀ ਨਹੀਂ ਕਰਨੀ ਸੀ। ਉਸ ਸਮੇਂ ਦੇ ਆਮ ਸਿੱਖ ਵੀ ਪਤਿਤ ਸਿੱਖਾਂ ਨੂੰ ਬਹੁਤ ਬੁਰਾ ਸਮਝਦੇ ਸਨ।

ਚੌਥਾ, ਜਦ ਸਨਿਆਲ ਪਹਿਲੀ ਵਾਰ ਪੰਜਾਬ ਆਉਂਦਾ ਹੈ ਤਾਂ ਉਹ ਕਿਹੋ ਜਿਹੇ ਸਰਾਭੇ ਨੂੰ ਮਿਲਦਾ ਹੈ, ''ਪਹਿਲਾਂ ਹੀ ਨਿਸ਼ਚਿਤ ਹੋ ਗਿਆ ਸੀ ਕਿ ਮੈਂ ਜਲੰਧਰ ਜਾ ਕੇ ਸਿੱਖ ਨੇਤਾਵਾਂ ਨਾਲ ਮੁਲਾਕਾਤ ਕਰਾਂਗਾ। ਉਸ ਸਮੇਂ ਨਵੰਬਰ ਦਾ ਮਹੀਨਾ ਖਤਮ ਹੋਣ ਵਾਲਾ ਸੀ, ਪੱਛਮ ਵਿਚ ਠੰਢ ਦਾ ਮੌਸਮ ਸੀ। ਸਰਦੀਆਂ ਦੀ ਸਵੇਰ ਨੂੰ ਲੁਧਿਆਣਾ ਗੱਡੀ ਪਹੁੰਚਦਿਆਂ ਹੀ ਦੇਖਿਆ ਕਿ ਮੇਰੇ ਮਿੱਤਰ ਦੇ ਇਕ ਜਾਣੂ ਸਿੱਖ ਨੌਜਵਾਨ ਸਾਡੀ ਉਡੀਕ ਕਰ ਰਹੇ ਹਨ। ਮਿੱਤਰ ਨੇ ਇਨ੍ਹਾਂ ਨਾਲ ਮੇਰੀ ਜਾਣ ਪਛਾਣ ਕਰਾ ਦਿੱਤੀ। ਇਹੀ ਕਰਤਾਰ ਸਿੰਘ ਸਨ। ਇਹ ਗੱਡੀ ਵਿਚ ਸਵਾਰ ਹੋ ਕੇ ਸਾਡੇ ਨਾਲ ਜਲੰਧਰ ਲਈ ਰਵਾਨਾ ਹੋ ਗਏ।''14

ਇਨਕਲਾਬੀ ਕਵੀ ਅਮਰੀਕ ਚੰਦਨ ਅਨੁਸਾਰ : ''ਬੜੇ ਸਾਲ ਪਹਿਲਾਂ ਕੀਰਤੀ ਪਾਰਟੀ ਦੇ ਬਾਬਿਆਂ ਨੇ ਕਰਤਾਰ ਸਿੰਘ ਸਰਾਭੇ ਦੀ ਮਿਲਦੀ ਇਕੋ ਇਕ ਬੋਦਿਆਂ ਵਾਲੀ ਤਸਵੀਰ ਨੂੰ ਅੰਮ੍ਰਿਤਸਰ ਦੇ ਗੁਰਦਿਆਲ ਫੋਟੋਗ੍ਰਾਫਰ ਨੂੰ ਆਖ ਕੇ ਭੱਦੀ ਜਿਹੀ ਪੱਗ ਬਣਵਾ ਦਿੱਤੀ ਸੀ।'' ਕੀਰਤੀ ਬਾਬਿਆਂ ਨੇ ਸਰਾਭੇ ਦੀ ਬੋਦਿਆਂ ਵਾਲੀ ਫੋਟੋ 'ਤੇ ਪੱਗ ਇਸ ਕਰਕੇ ਬਨਵਾਈ ਸੀ, ਕਿਉਂਕਿ ਉਨ੍ਹਾਂ ਜਿਹੋ ਜਿਹਾ ਸਰਾਭਾ ਦੇਖਿਆ ਸੀ, ਉਹ ਉਸ ਨੂੰ ਉਹੋ ਜਿਹਾ ਹੀ ਦੇਖਣਾ ਚਾਹੁੰਦੇ ਸਨ। ਉਹ ਨਹੀਂ ਸੀ ਚਾਹੁੰਦੇ ਕਿ ਉਸ ਦਾ ਗਲਤ ਪ੍ਰਭਾਵ ਪਾਉਣ ਵਾਲੀ ਫੋਟੋ ਲੋਕਾਂ ਵਿਚ ਜਾਵੇ। ਇਹ ਦੇਖ ਕੇ ਉਨ੍ਹਾਂ ਅੰਦਰ ਖੋਹ ਪੈਂਦੀ ਸੀ।

ਗਦਰ ਦੀ ਅਸਫਲਤਾ ਤੋਂ ਬਾਅਦ

ਜਦ 19 ਫਰਵਰੀ 1915 ਦਾ ਗ਼ਦਰ ਫੇਲ੍ਹ ਹੋ ਗਿਆ ਤਾਂ ਲਹਿਰ ਦੀ ਇਕ ਤਰ੍ਹਾਂ ਨਾਲ ਰੀੜ੍ਹ ਹੀ ਟੁੱਟ ਗਈ ਸੀ। ਫੜੋ ਫੜੀ ਅਤੇ ਜਬਰ ਤਸ਼ੱਦਦ ਦਾ ਦੌਰ ਸ਼ੁਰੂ ਹੋ ਗਿਆ ਸੀ। ਪਾਰਟੀ ਦੇ ਲਾਹੌਰ ਵਿਚਲੇ ਚਾਰੇ ਹੈਡ ਕੁਆਟਰਾਂ 'ਤੇ ਛਾਪੇ ਪੈ ਗਏ ਸਨ ਤੇ ਦਰਜਨਾਂ ਹੀ ਗ਼ਦਰੀ ਪੁਲਿਸ ਦੇ ਹੱਥ ਆ ਗਏ ਸਨ, ਉਹ ਕਮਰਾ ਹੀ ਛਾਪੇ ਤੋਂ ਬਚਿਆ ਸੀ ਜਿੱਥੇ ਬੰਗਾਲੀ ਇਨਕਲਾਬੀ ਰਾਮ ਬਿਹਾਰੀ ਬੋਸ ਰੁਕਿਆ ਹੋਇਆ ਸੀ। ਭਾਈ ਕਰਤਾਰ ਸਿੰਘ ਸਰਾਭੇ ਹੋਰਾਂ ਨੇ ਉਸ ਨੂੰ ਦਿੱਲੀ ਵੱਲ ਦੀ ਗੱਡੀ ਚੜ੍ਹਾ ਦਿੱਤਾ। ਬੋਸ ਸਿੱਧਾ ਦੇਹਰਾਦੂਨ ਪ੍ਰੋ. ਪੂਰਨ ਸਿੰਘ ਕੋਲ ਚਲਿਆ ਗਿਆ। ਜਿਥੇ ਉਹ ਪ੍ਰੋਫੈਸਰ ਸਾਹਿਬ ਦੇ ਅਧੀਨ ਜੰਗਲਾਤ ਵਿਭਾਗ ਵਿਚ ਨੌਕਰੀ ਕਰਦਾ ਰਿਹਾ ਸੀ। ਪ੍ਰੋ. ਪੂਰਨ ਸਿੰਘ ਹੋਰਾਂ ਨੇ ਉਸ ਨੂੰ ਬੱਚ ਬਚਾ ਕੇ ਜਪਾਨ ਭੇਜ ਦਿੱਤਾ, ਜਿਥੇ ਪ੍ਰੋ. ਸਾਹਿਬ ਦੇ ਪੜ੍ਹਾਈ ਦੌਰਾਨ ਦੇ ਦੋਸਤ ਰਹਿੰਦੇ ਸਨ। ਹੁਣ ਭਾਈ ਕਰਤਾਰ ਸਿੰਘ, ਭਾਈ ਜਗਤ ਸਿੰਘ ਤੇ ਭਾਈ ਹਰਨਾਮ ਸਿੰਘ ਕੋਟਲਾ ਨੌਧ ਸਿੰਘ ਨੇ ਅਫਗਾਨਿਸਤਾਨ ਦੀ ਸਰਹੱਦ ਵੱਲ ਬੱਚ ਕੇ ਨਿਕਲ ਜਾਣ ਦਾ ਫੈਸਲਾ ਕਰ ਲਿਆ। ਉਹ ਲਾਇਲਪੁਰ ਤੋਂ ਸ. ਹਰਚੰਦ ਸਿੰਘ ਰਾਈਸ ਲਾਇਲਪੁਰ ਜੋ ਰਕਾਬ ਗੰਜ ਐਜੀਟੇਸ਼ਨ ਦੇ ਆਗੂ ਸਨ, ਕੋਲੋਂ 100 ਰੁਪਿਆ ਲੈ ਕੇ ਪਠਾਣੀ ਭੇਸ ਤਾਰ ਕੇ ਪਿਸ਼ੌਰ ਚਲੇ ਗਏ। ਪਿਸ਼ੌਰ ਉਹ ਸਿੰਘ ਸਭਾ ਸਦਰ ਦੇ ਗੁਰਦੁਆਰੇ ਵਿਚ ਠਹਿਰੇ, ਜਿਥੇ ਦਾ ਗ੍ਰੰਥੀ ਭਾਈ ਵਾਗ ਸਿੰਘ ਸੀ, ਭਾਈ ਵਾਂਗ ਸਿੰਘ ਦੀ ਸਿੱਖ ਪੰਥ ਵਿਚ ਚੰਗੀ ਮਾਨਤਾ ਸੀ। ਨਾਵਲਕਾਰ ਨਾਨਕ ਸਿੰਘ ਉਨ੍ਹਾਂ ਨੂੰ ਆਪਣਾ ਗੁਰੂ ਮੰਨਦੇ ਸਨ।

ਸਵੇਰੇ ਤਿੰਨੇ ਜਣੇ ਉਠ 'ਤੇ ਸਮਾਨ ਲੱਦ ਕੇ ਪਿਸ਼ੌਰ ਤੋਂ ਮਿਚਨੀ ਪਹੁੰਚ ਗਏ, ਇਹ ਥਾਂ ਉਤਰ ਪੱਛਮ ਵੱਲ ਹੈ, ਇਥੇ ਜਾ ਕੇ ਉਹ ਨਦੀ ਦੇ ਕਿਨਾਰੇ ਅਰਾਮ ਕਰਨ ਬੈਠ ਗਏ। ਭਾਈ ਕਰਤਾਰ ਸਿੰਘ ਨੇ 'ਗ਼ਦਰ' ਅਖਬਾਰ ਵਿਚ ਛੱਪ ਚੁਕੀ ਕਵਿਤਾ ਪੜ੍ਹਨੀ ਸ਼ੁਰੂ ਕਰ ਦਿੱਤੀ, ਜੋ ਉਸ ਦੇ ਮੂੰਹ ਜ਼ੁਬਾਨੀ ਯਾਦ ਸੀ।

'ਹਿੰਦ ਦੇ ਬਹਾਦਰੋ ਕਿਉਂ ਬੈਠੇ ਚੁੱਪ ਜੀ,
ਅੱਗ ਲੱਗੀ ਦੇਸ਼ ਨਾ ਸਹਾਰੋ ਧੁੱਪ ਜੀ,
ਬੁਝਣੀ ਇਹ ਤਾਂ ਹੀ ਹੈ ਸਰੀਰ ਤੱਜ ਕੇ,
ਬਣੀ ਸਿਰ ਸ਼ੇਰਾਂ ਦੇ ਕੀ ਜਾਣਾ ਭੱਜ ਕੇ,
ਸਿਰ ਦਿੱਤੇ ਬਾਝ ਨਹੀਂ ਕੰਮ ਸਰਨਾ, ਯੁੱਧ ਵਿਚ ਪਵੇਗਾ ਜ਼ਰੂਰ ਮਰਨਾ, ਪਾਵੋ ਲਲਕਾਰ ਸ਼ੇਰਾਂ ਵਾਂਗ ਗੱਜ ਕੇ, ਬਣੀ ਸਿਰ ਸ਼ੇਰਾਂ ਦੇ ਕੀ ਜਾਣਾ ਭੱਜ ਕੇ, ਸ਼ੇਰ ਹੋ ਕੇ ਗਿੱਦੜਾਂ ਦਾ ਕਰੋ ਕੰਮ ਉਏ, ਸੁਣ ਕੇ ਗਦਰ ਦਿਲ ਖਵੇ ਗੰਮ ਉਏ,
ਜਿੱਦੀ ਬਣੋ ਸ਼ੇਰੋ ਕਿਉਂ ਮੈਦਾਨੋਂ ਭੱਜ ਕੇ, ਬਣੀ ਸਿਰ ਸ਼ੇਰਾਂ ਦੇ ਕੀ ਜਾਣਾ ਭੱਜ ਕੇ, ਹੱਥ ਸ਼ਮਸ਼ੇਰ ਕੂਦ ਪਓ ਮੈਦਾਨ ਜੀ, ਮਾਰ ਮਾਰ ਵੈਰੀਆਂ ਦੇ ਲਾਹੋ ਆਣ ਜੀ, ਵੈਰੀਆਂ ਦਾ ਆਓ ਲਹੂ ਪੀਏ ਰੱਜ ਕੇ, ਬਣੀ ਸਿਰ ਸ਼ੇਰਾਂ ਦੇ ਕੀ ਜਾਣਾ ਭੱਜ ਕੇ,
ਮਾਰ ਲਈਏ ਵੈਰੀ ਮਰ ਜਾਈਏ ਆਪ ਜਾਂ, ਕਾਇਰਤਾ ਗਰੀਬੀ ਮਿੱਟ ਜਾਵੇ ਤਾਪ ਤਾਂ, ਪਾ ਲਈਏ ਸ਼ਹੀਦੀ ਸਿੰਘ ਸ਼ੇਰ ਸੱਜ ਕੇ, ਬਣੀ ਸਿਰ ਸ਼ੇਰਾਂ ਦੇ ਕੀ ਜਾਣਾ ਭੱਜ ਕੇ''

ਇਹ ਨਿਰੀ ਪੂਰੀ ਕਵਿਤਾ ਹੀ ਨਹੀਂ ਸੀ, ਪੂਰਾ ਸਿੱਖ ਇਤਿਹਾਸ ਤੇ ਗੁਰੂ ਸਾਹਿਬ ਉਨ੍ਹਾਂ ਦੇ ਸਾਹਮਣੇ ਆ ਖੜੇ ਸਨ। ਸਿੱਖ ਧਰਮ ਦਾ ਨੈਤਿਕ ਕਦਰ ਪ੍ਰਬੰਧ ਇਸ ਗੱਲ ਦੀ ਇਜਾਜ਼ਤ ਨਹੀਂ ਦਿੰਦਾ ਸੀ, ਕਿ ਉਹ ਮੈਦਾਨੋਂ ਨੱਸ ਜਾਣ, ਇਹ ਆਪਣੇ ਗੁਰੂ ਵੱਲੋਂ ਪਿੱਠ ਮੋੜਨਾ ਸੀ। ਇਹ ਆਪਣੇ ਧਰਮ ਨੂੰ ਕਲੰਕ ਲਾਉਣਾ ਸੀ। ਰਾਸ ਬਿਹਾਰੀ ਸਾਹਮਣੇ ਅਜਿਹੀ ਕੋਈ ਰੋਕ ਨਹੀਂ ਸੀ। ਉਹ ਭੱਜ ਕੇ ਜਾਪਾਨ ਚਲਿਆ ਗਿਆ।

ਸਿੱਖ ਵਿਰਸੇ ਨੇ ਭਾਈ ਕਰਤਾਰ ਸਿੰਘ ਸਰਾਭੇ ਹੋਰਾਂ ਦੇ ਪੈਰਾਂ ਨੂੰ ਜੂੜ ਪਾ ਲਿਆ ਸੀ। ਉਨ੍ਹਾਂ ਨੇ ਪਿੱਛੇ ਮੁੜ ਕੇ ਫਿਰ ਲੜਾਈ ਲੜਨ ਦਾ ਫੈਸਲਾ ਕਰ ਲਿਆ। ਮਿਚਨੀ ਤੋਂ ਵਾਪਿਸ ਪਿਸ਼ੌਰ ਪਰਤ ਆਏ। ਪਿਸ਼ੌਰ ਲਾਲੇਮੂਸਾ ਦਾ ਟਿਕਟ ਲਿਆ। ਉਥੋਂ ਗੱਡੀ ਬਦਲ ਕੇ ਬਲਵਾਲ ਜਾ ਪਹੁੰਚੇ, ਪਠਾਣੀ ਕੱਪੜੇ ਲਾਹ ਕੇ ਗੱਠੜੀ ਵਿਚ ਬੰਨ ਲਏ। ਸਟੇਸ਼ਨ ਦੇ ਲਾਗੇ ਹੀ ਚੈੱਕ ਨੰਬਰ 5 ਸੀ, ਇਥੋਂ ਦੇ ਪੈਨਸਨੀ ਸਿਪਾਹੀ ਰਜਿੰਦਰ ਸਿੰਘ ਨੇ ਭਾਈ ਜਗਤ ਸਿੰਘ ਨੂੰ ਹਥਿਆਰ ਦੇਣ ਦਾ ਵਾਅਦਾ ਕੀਤਾ ਸੀ।19 ਰਜਿੰਦਰ ਸਿੰਘ ਨੇ ਰਸਾਲਦਾਰ ਗੰਡਾ ਸਿੰਘ ਨੂੰ ਦਸ ਦਿੱਤਾ , ਉਸ ਨੇ ਪੁਲਿਸ ਕੋਲ ਮੁਖਬਰੀ ਕਰ ਦਿੱਤੀ। ਸੀ.ਆਈ.ਡੀ. ਦੇ ਡਿਪਟੀ ਐਲ.ਐਲ. ਟਾਪਕਿਨ ਅਤੇ ਦਰੋਗਾ ਲਿਆਕਤ ਖਾਨ ਨੇ ਭਾਰੀ ਫੋਰਸ ਲਿਜਾ ਕੇ 3 ਮਾਰਚ 1915 ਨੂੰ ਭਾਈ ਕਰਤਾਰ ਸਿੰਘ ਸਰਾਭਾ, ਭਾਈ ਜਗਤ ਸਿੰਘ, ਸੁਰ ਸਿੰਘ, ਭਾਈ ਹਰਨਾਮ ਸਿੰਘ ਕੋਟਲਾ ਨੂੰ ਗ੍ਰਿਫਤਾਰ ਕਰ ਲਿਆ।

ਫਾਂਸੀ ਦੇ ਤਖਤੇ ਤੋਂ

ਲਾਹੌਰ ਵਿਚ 82 ਗ਼ਦਰੀਆਂ 'ਤੇ ਲਾਹੌਰ ਸਾਜ਼ਿਸ਼ ਕੇਸ ਚਲਾਇਆ ਗਿਆ। ਜਿਸ ਵਿਚ 62 ਮੁਲਜ਼ਮ ਹਾਜ਼ਰ ਸਨ। ਇਸ ਕੇਸ ਵਿਚ ਬਾਬਾ ਸੋਹਣ ਸਿੰਘ ਭਕਨਾ, ਬਾਬਾ ਜਵਾਲਾ ਸਿੰਘ , ਬਾਬਾ ਨਿਧਾਨ ਸਿੰਘ ਚੁੱਗਾ ਸਮੇਤ ਗ਼ਦਰ ਲਹਿਰ ਦੀ ਲਗਭਗ ਸਮੁੱਚੀ ਲੀਡਰ ਸਿੱਖ ਸ਼ਾਮਿਲ ਸੀ। ਜੇਲ ਵਿਚ ਵਿਆਹ ਵਰਗਾ ਮਾਹੌਲ ਸੀ। ਕਿਸੇ ਨੂੰ ਵੀ ਮੌਤ ਦਾ ਭੈ ਨਹੀਂ ਸੀ। ਦਿਨ ਰਾਤ ਜੇਲ ਵਿਚ ਗੁਰਬਾਣੀ ਦਾ ਪਾਠ ਤੇ ਕੀਰਤਨ ਚਲਦਾ ਰਹਿੰਦਾ ਸੀ। ਗ਼ਦਰੀ 'ਗ਼ਦਰ ਦੀਆਂ ਗੂੰਜਾਂ' ਦੀਆਂ ਕਵਿਤਾਵਾਂ ਗਾਉਂਦੇ ਰਹਿੰਦੇ ਸਨ। ਭਾਈ ਕਰਤਾਰ ਸਿੰਘ ਸਰਾਭਾ ਦੇ ਚਿਹਰੇ 'ਤੇ ਅਨੋਖਾ ਜਲਾਲ ਸੀ। ਉਹ ਦਿਨ ਰਾਤ ਹਸਦਾ ਖੇਡਦਾ ਰਹਿੰਦਾ ਸੀ ਤੇ ਸਭ ਦਾ ਮਨ ਪਰਚਾਈ ਰਖਦਾ ਸੀ। ਜੇਲ ਅਮਲੇ ਤੋਂ ਉਹ ਭੋਰਾ ਵੀ ਨਹੀਂ ਛਿਪਦਾ ਸੀ। ਸੁਰਪਡੈਂਟ ਨੂੰ ਹੱਸ ਕੇ ਆਖਦਾ ਸੀ, ਤੁਸੀਂ ਸਾਨੂੰ ਫਾਂਸੀ ਹੀ ਦੇ ਦਿਉਂਗੇ? ਹੋਰ ਕੀ ਕਰ ਲਉਗੇ?

ਮੁਕੱਦਮੇ ਦੌਰਾਨ ਜੱਜਾਂ ਨੇ ਲਿਖਿਆ ਸੀ ਕਿ ਆਪਣੀ ਉਮਰ ਦੇ ਬਾਵਜੂਦ ਉਹ ਉਨ੍ਹਾਂ 61 ਮੁਲਜ਼ਮਾਂ ਵਿਚੋਂ ਸਭ ਤੋਂ ਮਹੱਤਵਪੂਰਨ ਵਿਅਕਤੀਆਂ ਵਿਚੋਂ ਇਕ ਹੈ, ਤੇ ਉਸ ਦਾ 'ਡੋਜੀਅਰ' (ਗੁਪਤ ਫਾਈਲ) ਸਭ ਤੋਂ ਭਾਰੀ ਹੈ। ਇਸ ਸਾਜ਼ਿਸ਼ ਵਿਚ ਅਮਰੀਕਾ ਸਮੇਤ ਦੇ ਰਸਤੇ ਦੇ ਅਤੇ ਭਾਰਤ ਵਿਚ ਅਜਿਹੀ ਕੋਈ ਕਾਰਵਾਈ ਨਹੀਂ ਜਿਸ ਵਿਚ ਮੁਲਜ਼ਮ ਨੇ ਆਪਣੀ ਭੂਮਿਕਾ ਨਾ ਨਿਭਾਈ ਹੋਵੇ। ਮੁਕੱਦਮੇ ਦੌਰਾਨ ਜਿਸ ਦਲੇਰੀ ਨਾਲ ਭਾਈ ਕਰਤਾਰ ਸਿੰਘ ਨੇ ਬਿਆਨ ਦਿੱਤੇ ਸਨ, ਉਸ ਨੇ ਜੱਜਾਂ ਨੂੰ ਵੀ ਅਚੰਭੇ ਵਿਚ ਪਾ ਦਿੱਤਾ। ਉਸ ਨੂੰ ਮੌਤ ਦਾ ਭੋਰਾ ਭੈ ਨਹੀਂ ਸੀ। ਜੱਜਾਂ ਨੇ 13 ਸਤੰਬਰ 1915 ਨੂੰ ਫੈਸਲਾ ਸੁਣ-ਾਇਆ। ਜਿਸ ਵਿਚ ਪਾਰਟੀ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਤੇ ਭਾਈ ਕਰਤਾਰ ਸਿੰਘ ਸਰਾਭਾ ਸਮੇਤ 24 ਗ਼ਦਰੀਆਂ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ ਸੀ। ਵਾਈ ਸਰਾਏ ਦੀ ਨਜ਼ਰਸਾਨੀ ਦੌਰਾਨ 14 ਨਵੰਬਰ 1915 ਨੂੰ 17 ਗ਼ਦਰੀਆਂ ਦੀ ਫਾਂਸੀ ਤੋੜ ਕੇ ਉਮਰ ਕੈਦ ਵਿਚ ਤਬਦੀਲ ਕਰ ਦਿੱਤੀ। ਭਾਈ ਕਰਤਾਰ ਸਿੰਘ ਸਰਾਭਾ, ਭਾਈ ਜਗਤ ਸਿੰਘ , ਸੁਰ ਸਿੰਘ, ਸ. ਬਸ਼ਿਨੂ ਗਣੇਸ਼ ਪਿੰਗਲੇ, ਬਖਸ਼ੀਸ਼ ਸਿੰਘ ਗਿੱਲ ਵਾਲੀ ਸੁਰੈਣ ਸਿੰਘ ਇਕ ਤੇ ਸੁਰੈਣ ਸਿੰਘ ਦੂਜਾ ਸਮੇਤ 7 ਜਣਿਆਂ ਦੀ ਫਾਂਸੀ ਬਰਕਰਾਰ ਰੱਖੀ ਗਈ।

ਅਖੀਰ ਫਾਂਸੀ ਤੋਂ ਪਹਿਲਾਂ ਭਾਈ ਕਰਤਾਰ ਸਿੰਘ ਸਰਾਭੇ ਦਾ ਦਾਦਾ ਬਚਨ ਸਿੰਘ ਆਖਰੀ ਮੁਲਾਕਾਤ ਕਰਨ ਲਈ ਆਇਆ। ਉਸ ਵਕਤ ਕਰਤਾਰ ਸਿੰਘ ਦੇ ਚਿਹਰੇ 'ਤੇ ਅਨੋਖਾ ਜਲਾਲ ਸੀ। ਦਾਦਾ ਪੋਤਰੇ ਨੂੰ ਦੇਖ ਕੇ ਭਾਵਨਾਵਾਂ ਦੇ ਵਹਿਣ ਵਿਚ ਵਹਿ ਤੁਰਿਆ। ਦਾਦੇ ਨੂੰ ਫਿਸਿਆ ਦੇਖ ਕੇ ਭਾਈ ਕਰਤਾਰ ਸਿੰਘ ਨੇ ਉਨ੍ਹਾਂ ਨੂੰ ਹੌਂਸਲਾ ਦਿੰਦਿਆਂ ਕਿਹਾ, ਬਾਬਾ ਜੀ ਗੁਰਸਿੱਖ ਹੋ ਕੇ ਕਿਹੋ ਜਿਹੀਆਂ ਗੱਲਾਂ ਕਰਦੇ ਹੋ?23

15 ਨਵੰਬਰ ਦੀ ਰਾਤ ਨੂੰ ਜੇਲ੍ਹ ਵਿਚ ਕੋਈ ਨਾ ਸੁੱਤਾ, ਸਾਰਿਆਂ ਨੇ ਰਲ ਕੇ ਇਕ ਸਾਂਝੀ ਕਵਿਤਾ ਤਿਆਰ ਕੀਤੀ, ਜੋ ਰਲ ਮਿਲ ਕੇ ਪੜ੍ਹੀ ਗਈ।24 ਅੰਮ੍ਰਿਤ ਵੇਲੇ ਭਾਈ ਕਰਤਾਰ ਸਿੰਘ ਸਮੇਤ ਸੱਤਾਂ ਜਣਿਆਂ ਨੂੰ ਕੇਸੀ ਇਸ਼ਨਾਨ ਕਰਵਾਇਆ ਗਿਆ। ਫਾਂਸੀ ਦੇ ਤਖਤਿਆਂ ਵੱਲ ਜਾਂਦੇ ਹੋਏ ਸਰਾਭੇ ਹੋਰਾਂ ਨੇ ਗਾਉਣਾ ਸ਼ੁਰੂ ਕਰ ਦਿੱਤਾ

ਸੁਣਨਾ ਖਾਲਸਾ ਸੀ ਸਾਡੇ ਕੂਚ ਡੇਰੇ, ਅਸੀਂ ਆਖਰੀ ਫਤਿਹ ਗਜਾ ਚਲੇ, ਕੰਮ ਅਸਾਂ ਦੇ ਅੱਜ ਤੋਂ ਖਤਮ ਹੋ ਗਏ, ਕੰਮ ਤੁਸਾਂ ਦੇ ਸ਼ੁਰੂ ਕਰਵਾ ਚੱਲੇ।

ਕੋਠੜੀਆਂ ਵਿਚ ਬੰਦ ਕੈਦੀਆਂ ਨੇ ਵੀ ਗਾਉਣਾ ਸ਼ੁਰੂ ਕਰ ਦਿੱਤਾ 'ਸੱਚਖੰਡ ਜਾਣ ਵਾਲਿਓ ਸਾਡੇ ਜਾ ਕੇ ਸੁਨਹਿੜੇ ਤੁਸੀਂ ਦੇਣੇ' ਉਨ੍ਹਾਂ ਦੇ ਜਾਂਦਿਆਂ ਹੀ ਕੋਠੜੀਆਂ ਵਿਚੋਂ, ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ ਦੇ ਜੈਕਾਰੇ ਗੂੰਜ ਉਠੇ।



# ਸਾਬਕਾ ਮੁੱਖ ਮੰਤਰੀ ਬਾਦਲ ਨੂੰ ਐਸ ਆਈ ਟੀ ਵੱਲੋਂ ਮਨ ਮਰਜ਼ੀ ਦੀ ਜਗ੍ਹਾ ਬਿਆਨ ਦੇਣ ਦੀ ਖੁੱਲ੍ਹ

ਚੰਡੀਗੜ੍ਹ, 15 ਨਵੰਬਰ (ਪੋਸਟ ਬਿਊਰੋ)- ਪੰਜਾਬ 'ਚ ਹੋਈਆਂ ਬੇਅਦਬੀ ਅਤੇ ਗੋਲੀਕਾਂਡ ਦੀਆਂ ਵਾਰਦਾਤਾਂ ਦੀ ਜਾਂਚ ਕਰਨ ਲਈ ਰਾਜ ਸਰਕਾਰ ਵੱਲੋਂ ਬਣਾਈ ਵਿਸ਼ੇਸ਼ ਜਾਂਚ ਟੀਮ ਨੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਆਪਣੇ ਬਿਆਨ ਦਰਜ ਕਰਵਾਉਣ ਲਈ ਵਿਸ਼ੇਸ਼ ਛੋਟ ਦਿੱਤੀ ਹੈ।



ਵਰਨਣ ਯੋਗ ਹੈ ਕਿ ਐਸ ਆਈ ਟੀ ਨੇ ਪਹਿਲਾ ਸਾਬਕਾ ਮੁੱਖ ਮੰਤਰੀ ਬਾਦਲ ਨੂੰ ਅੰਮ੍ਰਿਤਸਰ ਦੇ ਸਰਕਟ ਹਾਊਸ 'ਚ ਪੇਸ਼ ਹੋਣ ਲਈ ਕਿਹਾ ਸੀ, ਪਰ ਬਾਅਦ ਵਿੱਚ ਉਨ੍ਹਾਂ ਨੂੰ ਉਨ੍ਹਾਂ ਦੀ ਸਹੂਲਤ ਅਨੁਸਾਰ ਮਨਪਸੰਦ ਜਗ੍ਹਾ ਬਿਆਨ ਦੇਣ ਦੀ ਛੋਟ ਦੇ ਦਿੱਤੀ ਹੈ। ਪਹਿਲਾਂ ਐਸ ਆਈ ਟੀ ਵੱਲੋਂ ਬਾਦਲ ਨੂੰ ਭੇਜੇ ਸੰਮਨਾਂ ਬਾਰੇ ਤਿੱਖੀ ਨੁਕਤਾਚੀਨੀ ਕੀਤੀ ਗਈ ਸੀ, ਜਿਸ ਮਗਰੋਂ ਪੇਸ਼ ਹੋਣ ਦੀਆਂ ਸ਼ਰਤਾਂ 'ਚ ਢਿੱਲ ਦਿੱਤੀ ਗਈ ਹੈ। ਜਾਣਕਾਰ ਸੂਤਰਾਂ ਅਨੁਸਾਰ ਸੰਮਨ ਜਾਰੀ ਕਰਨ ਵਾਲੇ ਐਸ ਆਈ ਟੀ ਦੇ ਮੈਂਬਰ ਆਈ ਜੀ ਕੁੰਵਰ ਵਿਜੇ ਪ੍ਰਤਾਪ ਨੇ ਸਾਬਕਾ ਮੁੱਖ ਮੰਤਰੀ ਬਾਦਲ ਦੀ ਉਮਰ ਦੇ ਪੱਖ ਤੋਂ ਇਹ ਖੁੱਲ੍ਹ ਦਿੱਤੀ ਹੈ ਅਤੇ ਇਹ ਵੀ ਦੱਸਿਆ ਗਿਆ ਹੈ ਕਿ ਹਾਲੇ ਤੱਕ ਐਸ ਆਈ ਟੀ ਨੂੰ ਬਾਦਲ ਵੱਲੋਂ ਜਵਾਬ ਨਹੀਂ ਮਿਲਿਆ ਹੈ। ਦੱਸਣ ਯੋਗ ਹੈ ਕਿ ਇਸ ਕੇਸ 'ਚ ਬਣੀ ਐਸ ਆਈ ਟੀ ਨੇ ਬਾਦਲ ਨੂੰ 16 ਨਵੰਬਰ ਨੂੰ ਸੁਖਬੀਰ ਸਿੰਘ ਬਾਦਲ ਨੂੰ 19 ਨਵੰਬਰ ਅਤੇ ਅਦਾਕਾਰ ਅਕਸ਼ੈ ਕੁਮਾਰ ਨੂੰ 21 ਨਵੰਬਰ ਨੂੰ ਪੇਸ਼ ਹੋਣ ਲਈ ਸੰਮਨ ਭੇਜੇ ਹਨ। ਇਸ ਬਾਰੇ ਅਕਾਲੀ ਦਲ ਦੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਬਾਦਲ ਕਿਸ ਜਗ੍ਹਾ ਬਿਆਨ ਦੇਣਗੇ ਇਸ ਬਾਰੇ ਤੈਅ ਨਹੀਂ ਹੋਇਆ।

ਦੂਜੇ ਪਾਸੇ ਐਸ ਆਈ ਟੀ ਨੇ ਕਿਹਾ ਹੈ ਕਿ ਅਕਸ਼ੈ ਕੁਮਾਰ ਨੂੰ ਵੀ ਨਿੱਜੀ ਤੌਰ ਉੱਤੇ ਪੇਸ਼ ਹੋ ਕੇ ਬਿਆਨ ਦਰਜ ਕਰਵਾਉਣੇ ਪੈਣਗੇ, ਪਰ ਅਜੇ ਤੱਕ ਉਸ ਵੱਲੋਂ ਵੀ ਕੋਈ ਜਵਾਬ ਨਹੀਂ ਦਿੱਤਾ ਗਿਆ। ਇਸ ਤੋਂ ਪਹਿਲਾਂ ਅਕਸ਼ੈ ਕੁਮਾਰ ਵੱਲੋਂ ਟਵੀਟ ਕਰਕੇ ਆਪਣਾ ਪੱਖ ਰੱਖ ਦਿੱਤਾ ਗਿਆ ਸੀ, ਪਰ ਐਸ ਆਈ ਟੀ ਨੇ ਨਿੱਜੀ ਪੇਸ਼ੀ ਲਈ ਕਿਹਾ ਹੈ।

# ਸੜਕ ਕੰਢੇ ਖੜ੍ਹੇ ਚਾਰ ਨੌਜਵਾਨਾਂ 'ਤੇ ਹੌਲਦਾਰ ਨੇ ਕਾਰ ਚੜ੍ਹਾਈ

*** ਇਕ ਨੌਜਵਾਨ ਦੀ ਮੌਤ, ਤਿੰਨ ਫੱਟੜ**

ਘੁਮਾਣ, 15 ਨਵੰਬਰ (ਪੋਸਟ ਬਿਊਰੋ)- ਘੁਮਾਣ ਤੋਂ ਤਿੰਨ ਕਿਲੋਮੀਟਰ ਦੂਰ ਕੱਲ੍ਹ ਸਵੇਰੇ ਪੁਲਸ ਦੇ ਹੌਲਦਾਰ ਨੇ ਆਪਣੀ ਕਾਰ ਸੜਕ 'ਤੇ ਖੜੇ ਚਾਰ ਨੌਜਵਾਨਾਂ 'ਤੇ ਚੜ੍ਹਾ ਦਿੱਤੀ। ਸਿੱਟੇ ਵਜੋਂ ਪਿੰਡ ਚਾਚੋਕੇ ਦੇ ਰਣਜੋਤ ਸਿੰਘ ਦੀ ਮੌਕੇ 'ਤੇ ਮੌਤ ਹੋ ਗਈ, ਜਦ ਕਿ ਬਲਜਿੰਦਰ ਸਿੰਘ, ਬਲਵਿੰਦਰ ਸਿੰਘ ਤੇ ਬਖਸ਼ੀਸ਼ ਸਿੰਘ ਪਿੰਡ ਕੋੜੇ ਨੂੰ ਗੰਭੀਰ ਹਾਲਤ ਕਾਰਨ ਬਟਾਲਾ ਦੇ ਸਿਵਲ ਹਸਪਤਾਲ ਰੈਫਰ ਕਰ ਦਿੱਤਾ ਹੈ। ਪੁਲਸ ਨੇ ਹੌਲਦਾਰ ਸੁਖਵਿੰਦਰ ਸਿੰਘ ਪਿੰਡ ਨੰਗਲ, ਜ਼ਿਲਾ ਅੰਮ੍ਰਿਤਸਰ ਖਿਲਾਫ ਕੇਸ ਦਰਜ ਕਰਕੇ ਉਸ ਨੂੰ ਗ੍ਰਿਫਤਾਰ ਕਰ ਲਿਆ ਹੈ।

ਪਤਾ ਲੱਗਾ ਹੈ ਕਿ ਹੌਲਦਾਰ ਥਾਣਾ ਸਦਰ ਅੰਮ੍ਰਿਤਸਰ 'ਚ ਤਾਇਨਾਤ ਹੈ। ਮਿਲੀ ਜਾਣਕਾਰੀ ਅਨੁਸਾਰ ਕੱਲ੍ਹ ਸਵੇਰੇ ਤੇਜ਼ ਰਫਤਾਰ ਕਾਰ ਸੜਕ ਕੰਢੇ ਖੜੇ ਦੋ ਨੌਜਵਾਨਾਂ ਤੇ ਉਨ੍ਹਾਂ ਲਾਗੇ ਖੜੇ ਦੋ ਹੋਰ ਮੋਟਰ ਸਾਈਕਲ ਸਵਾਰ ਨੌਜਵਾਨਾਂ 'ਤੇ ਜਾ ਚੜ੍ਹੀ, ਜਿਸ ਕਾਰਨ ਰਣਜੋਤ ਸਿੰਘ ਵਾਸੀ ਕੋੜੇ ਦੀ ਮੌਕੇ 'ਤੇ ਮੌਤ ਹੋ ਗਈ ਅਤੇ ਤਿੰਨ ਨੌਜਵਾਨ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਏ। ਇਸ ਬਾਰੇ ਮ੍ਰਿਤਕ ਦੇ ਚਾਚੇ ਜਗਪ੍ਰੀਤ ਸਿੰਘ ਨੇ ਦੱਸਿਆ ਕਿ ਉਸ ਦਾ ਭਤੀਜਾ ਰਣਜੋਤ ਸਿੰਘ ਤੇ ਉਸ ਦਾ ਇਕ ਹੋਰ ਸਾਥੀ ਮੋਟਰ ਸਾਈਕਲ 'ਤੇ ਸਵਾਰ ਹੋ ਕੇ ਪਿੰਡ ਕੋੜੇ ਤੋਂ ਮਚਰਾਵਾਂ ਜਾ ਰਹੇ ਸਨ। ਪਿੰਡ ਪੇਜੋਚੱਕ ਭੱਠੇ ਲਾਗੇ ਉਨ੍ਹਾਂ ਦੇ ਦੋ ਹੋਰ ਸਾਥੀ ਉਨ੍ਹਾਂ ਨੂੰ ਮਿਲ ਗਏ ਅਤੇ ਉਹ ਸੜਕ ਕੰਢੇ ਖੜੇ ਸਨ ਤਾਂ ਪਿੱਛੋਂ ਮਹਿਤੇ ਵਾਲੀ ਸਾਈਡ ਤੋਂ ਆ ਰਹੀ ਇਕ ਤੇਜ਼ ਰਫਤਾਰ ਕਾਰ ਨੇ ਇਨ੍ਹਾਂ ਚਾਰ ਨੌਜਵਾਨਾਂ ਨੂੰ ਲਪੇਟ ਵਿੱਚ ਲੈ ਲਿਆ, ਜਿਸ ਨਾਲ ਉਸ ਦੇ ਭਤੀਜੇ ਰਣਜੋਤ ਸਿੰਘ ਦੀ ਮੌਕੇ 'ਤੇ ਮੌਤ ਗਈ ਅਤੇ ਉਸ ਦੇ ਤਿੰਨ ਸਾਥੀ ਬਲਜਿੰਦਰ ਸਿੰਘ, ਬਖਸ਼ੀਸ਼ ਸਿੰਘ, ਬਲਵਿੰਦਰ ਸਿੰਘ ਸਾਰੇ ਵਾਸੀ ਪਿੰਡ ਕੋੜੇ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਏ। ਜ਼ਖਮੀਆਂ ਨੂੰ ਘੁਮਾਣ ਦੇ ਸਰਕਾਰੀ ਹਸਪਤਾਲ ਵਿੱਚ ਦਾਖਲ ਕਰਾਇਆ ਗਿਆ, ਜਿਥੇ ਬਲਜਿੰਦਰ ਸਿੰਘ ਤੇ ਬਖਸ਼ੀਸ ਸਿੰਘ ਦੀ ਹਾਲਤ ਨਾਜ਼ੁਕ ਹੋਣ ਕਰਕੇ ਉਨ੍ਹਾਂ ਨੂੰ ਸਿਵਲ ਹਸਪਤਾਲ ਬਟਾਲਾ ਵਿਖੇ ਭੇਜ ਦਿੱਤਾ ਗਿਆ ਹੈ। ਇਸ ਬਾਰੇ ਥਾਣਾ ਘੁਮਾਣ ਦੀ ਪੁਲਸ ਵੱਲੋਂ ਮੌਕੇ 'ਤੇ ਪਹੁੰਚ ਕੇ ਵਾਹਨਾਂ ਨੂੰ ਕਬਜ਼ੇ ਵਿੱਚ ਲੈ ਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ।

# ਹਨੀਪ੍ਰੀਤ ਨੇ ਜੇਲ੍ਹ ਬਦਲ ਕੇ ਬਾਬੇ ਕੋਲ ਭੇਜਣ ਲਈ ਅਰਜ਼ੀ ਦਿੱਤੀ



ਚੰਡੀਗੜ੍ਹ, 15 ਨਵੰਬਰ (ਪੋਸਟ ਬਿਊਰੋ)- ਡੇਰਾ ਸੱਚਾ ਸੌਦਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਵੱਲੋਂ ਗੋਦ ਲਈ ਬੇਟੀ ਦੱਸੀ ਜਾਂਦੀ ਹਨੀਪ੍ਰੀਤ ਨੇ ਅੰਬਾਲਾ ਸੈਂਟਰਲ ਜੇਲ੍ਹ ਤੋਂ ਬਦਲਣ ਦੀ ਅਰਜ਼ੀ ਦਿੱਤੀ ਹੈ। ਉਹ ਸੁਨਾਰੀਆ ਜੇਲ੍ਹ ਰੋਹਤਕ ਜਾਣਾ ਚਾਹੁੰਦੀ ਹੈ। ਡੇਰਾ ਮੁਖੀ ਗੁਰਮੀਤ ਰਾਮ ਰਹੀਮ ਵੀ ਸੁਨਾਰੀਆ ਜੇਲ੍ਹ 'ਚ ਬੰਦ ਹੈ।

ਇਸ ਤੋਂ ਦੂਸਰੇ ਪਾਸੇ ਸਾਧਵੀਆਂ ਦੇ ਬਲਾਤਕਾਰ ਲਈ ਸਜ਼ਾ ਕੱਟ ਰਹੇ ਗੁਰਮੀਤ ਰਾਮ ਰਹੀਮ ਨੂੰ ਹਾਲੇ ਪੈਰੋਲ ਮਿਲਣ ਦੀ ਕੋਈ ਸੰਭਾਵਨਾ ਨਹੀਂ। ਡੇਰਾ ਮੁਖੀ ਵੱਲੋਂ ਪੈਰੋਲ ਮੰਗਣ ਸਬੰਧੀ ਕੋਈ ਅਰਜ਼ੀ ਸਰਕਾਰ ਕੋਲ ਨਹੀਂ ਪਹੁੰਚੀ ਹੈ। ਚੰਡੀਗੜ੍ਹ 'ਚ ਸਰਕਾਰ ਦੀਆਂ ਚਾਰ ਸਾਲ ਦੀ ਪ੍ਰਾਪਤੀਆਂ ਗਿਣਾਉਣ ਲਈ ਪੱਤਰਕਾਰਾਂ ਨਾਲ ਗੱਲਬਾਤ ਵੇਲੇ ਜੇਲ੍ਹ ਮੰਤਰੀ ਕ੍ਰਿਸ਼ਨ ਲਾਲ ਪੰਵਾਰ ਨੇ ਇਸ ਦੀ ਪੁਸ਼ਟੀ ਕੀਤੀ ਕਿ ਹਨੀਪ੍ਰੀਤ ਨੇ ਅੰਬਾਲਾ ਸੈਂਟਰਲ ਜੇਲ੍ਹ ਤੋਂ ਕਿਸੇ ਹੋਰ ਜੇਲ੍ਹ ਥਾਂ ਬਦਲਣ ਦੀ ਅਰਜ਼ੀ ਦਿੱਤੀ ਹੈ, ਪਰ ਉਨ੍ਹਾਂ ਨੇ ਇਸ ਦਾ ਖੁਲਾਸਾ ਨਹੀਂ ਕੀਤਾ ਕਿ ਉਹ ਕਿਸ ਜੇਲ੍ਹ ਵਿੱਚ ਜਾਣਾ ਚਾਹੁੰਦੀ ਹੈ। ਸੂਤਰਾਂ ਦਾ ਕਹਿਣਾ ਹੈ ਕਿ ਹਨੀਪ੍ਰੀਤ ਨੇ ਆਪਣੀ ਅਰਜ਼ੀ ਵਿੱਚ ਸੁਨਾਰੀਆ ਜੇਲ੍ਹ ਦਾ ਜ਼ਿਕਰ ਕੀਤਾ ਹੈ। ਇਸ ਜੇਲ੍ਹ ਵਿੱਚ ਗੁਰਮੀਤ ਰਾਮ ਰਹੀਮ ਨੂੰ ਰੱਖਿਆ ਗਿਆ ਹੈ। ਇਸ ਤੋਂ ਪਹਿਲਾਂ ਗੁਰਮੀਤ ਰਾਮ ਰਹੀਮ ਨੇ ਵੀ ਹਨੀਪ੍ਰੀਤ ਨੂੰ ਸੁਨਾਰੀਆ ਜੇਲ੍ਹ ਵਿੱਚ ਲਿਆਉਣ ਦੀ ਮੰਗ ਕੀਤੀ ਸੀ, ਜਿਸ ਨੂੰ ਰੱਦ ਕਰ ਦਿੱਤਾ ਗਿਆ ਸੀ।

ਜੇਲ੍ਹ ਮੰਤਰੀ ਪੰਵਾਰ ਨੇ ਕਿਹਾ ਕਿ ਹਨੀਪ੍ਰੀਤ ਦੀ ਅਰਜ਼ੀ ਦੀ ਆਈ ਜੀ ਪੱਧਰ ਦੇ ਅਧਿਕਾਰੀ ਤੋਂ ਜਾਂਚ ਕਰਵਾਈ ਜਾਵੇਗੀ। ਜੇ ਜੇਲ੍ਹ ਬਦਲੀ ਦਾ ਆਧਾਰ ਠੀਕ ਮਿਲਿਆ ਤਾਂ ਪ੍ਰਕਿਰਿਆ ਪੂਰੀ ਕੀਤੀ ਜਾਵੇਗੀ। ਮੰਤਰੀ ਕ੍ਰਿਸ਼ਨ ਲਾਲ ਪੰਵਾਰ ਨੇ ਦੱਸਿਆ ਕਿ ਰਾਮ ਰਹੀਮ ਨੇ ਪਰਵਾਰ ਨਾਲ ਫੋਨ 'ਤੇ ਗੱਲਬਾਤ ਕਰਨ ਲਈ ਅਪਲਾਈ ਕੀਤਾ ਹੈ, ਤਾਂ ਕਿ ਉਹ ਪਰਵਾਰ ਨਾਲ ਗੱਲ ਕਰ ਸਕੇ, ਪਰ ਪੁਲਸ ਵਿਭਾਗ ਅਤੇ ਪ੍ਰਸ਼ਾਸਨ ਤੋਂ ਹਾਲੇ ਤੱਕ ਐਨ ਓ ਸੀ ਨਹੀਂ ਮਿਲਿਆ, ਜਿਸ ਕਾਰਨ ਹਾਲੇ ਉਹ ਫੋਨ 'ਤੇ ਜੇਲ੍ਹ ਵਿੱਚ ਆਪਣੇ ਪਰਵਾਰ ਨਹੀਂ ਗੱਲਬਾਤ ਨਹੀਂ ਕਰ

# ਅਕਸ਼ੈ ਕੁਮਾਰ ਦੀ ਪਤਨੀ ਨੇ ਘਰ ਵਿੱਚ ਕਰਾਇਆ ਸੀ ਡੇਰਾ ਮੁਖੀ ਦਾ ਪ੍ਰੋਗਰਾਮ: ਜਲਾਲ

ਚੰਡੀਗੜ੍ਹ, 15 ਨਵੰਬਰ (ਪੋਸਟ ਬਿਊਰੋ)- ਅਕਾਲੀ ਦਲ ਦੇ ਸਾਬਕਾ ਵਿਧਾਇਕ ਹਰਬੰਸ ਸਿੰਘ ਜਲਾਲ ਨੇ ਦਾਅਵਾ ਕੀਤਾ ਹੈ ਕਿ ਡੇਰਾ ਮੁਖੀ ਅਤੇ ਸੁਖਬੀਰ ਸਿੰਘ ਬਾਦਲ ਦੀ ਮੁਲਾਕਾਤ ਬਾਰੇ ਫਿਲਮ ਅਭਿਨੇਤਾ ਅਕਸ਼ੈ ਕੁਮਾਰ ਝੂਠ ਬੋਲਦੇ ਹਨ। ਉਨ੍ਹਾਂ ਕਿਹਾ ਕਿ ਮੁੰਬਈ ਵਿੱਚ ਅਕਸ਼ੈ ਕੁਮਾਰ ਦੀ ਪਤਨੀ ਨੇ ਆਪਣੇ ਘਰ ਡੇਰਾ ਮੁਖੀ ਦਾ ਪ੍ਰੋਗਰਾਮ ਕਰਾਇਆ ਸੀ ਅਤੇ ਇਹ ਕਿਵੇਂ ਸੰਭਵ ਹੈ ਕਿ ਅਕਸ਼ੈ ਕੁਮਾਰ ਦੀ ਉਨ੍ਹਾਂ ਨਾਲ ਕਦੇ ਮੁਲਾਕਾਤ ਨਾ ਹੋਈ ਹੋਵੇ। ਇਸ ਬੈਠਕ ਦੇ ਸਬੂਤ ਹੋਣ ਦਾ ਦਾਅਵਾ ਕਰਨ ਵਾਲੇ ਜਲਾਲ ਤੋਂ ਜਦ ਸਬੂਤ ਦਿਖਾਉਣ ਨੂੰ ਕਿਹਾ ਗਿਆ ਤਾਂ ਉਨ੍ਹਾਂ ਨੇ ਕਿਹਾ ਕਿ ਉਹ ਬੇਅਦਬੀ ਅਤੇ ਗੋਲੀ ਕਾਂਡ ਦੀ ਜਾਂਚ ਕਰ ਰਹੀ ਐਸ ਆਈ ਟੀ ਨੂੰ ਸਬੂਤ ਸੌਂਪਣਗੇ।



ਕੱਲ੍ਹ ਇਥੇ ਮੀਡੀਆ ਨਾਲ ਗੱਲਬਾਤ ਦੌਰਾਨ ਹਰਬੰਸ ਸਿੰਘ ਜਲਾਲ ਨੇ ਬੈਕਫੁਟ ਉੱਤੇ ਆਉਂਦੇ ਹੋਏ ਕਿਹਾ ਕਿ ਮੈਂ ਕਦੇ ਨਹੀਂ ਕਿਹਾ ਕਿ ਡੇਰਾ ਮੁਖੀ ਅਤੇ ਸੁਖਬੀਰ ਸਿੰਘ ਬਾਦਲ ਦੀ ਮੁਲਾਕਾਤ ਅਕਸ਼ੈ ਨੇ ਕਰਵਾਈ ਜਾਂ ਫਿਰ ਇਸ ਬੈਠਕ ਵਿੱਚ ਡੀਲ ਹੋਈ ਹੈ। ਉਨ੍ਹਾਂ ਕਿਹਾ ਕਿ ਜਦ ਅਕਸ਼ੈ ਦੀ ਪਤਨੀ ਟਵਿੰਕਲ ਖੰਨਾ ਨੇ ਆਪਣੇ ਘਰ ਵਿੱਚ ਡੇਰਾ ਮੁਖੀ ਦਾ ਇੱਕ ਪ੍ਰੋਗਰਾਮ ਰੱਖਿਆ ਸੀ, ਫਿਰ ਅਕਸ਼ੈ ਉਸ ਵਿੱਚ ਸ਼ਾਮਲ ਨਹੀਂ ਹੋਏ, ਇਹ ਕਿਵੇਂ ਸੰਭਵ ਹੈ।

# ਹਰਪਾਲ ਚੀਮਾ ਨੇ ਐੱਸ ਸੀ ਸਕਾਲਰਸ਼ਿਪ ਵਾਸਤੇ ਸੁਖਬੀਰ ਬਾਦਲ ਦੇ ਧਰਨੇ ਨੂੰ ਬੇਸ਼ਰਮੀ ਕਿਹਾ

ਚੰਡੀਗੜ੍ਹ, 15 ਨਵੰਬਰ (ਪੋਸਟ ਬਿਊਰੋ)- ਆਮ ਆਦਮੀ ਪਾਰਟੀ (ਆਪ) ਪੰਜਾਬ ਨੇ ਰਾਜ ਦੇ ਦਲਿਤ ਵਿਦਿਆਰਥੀਆਂ ਲਈ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਦੇ ਮੁੱਦੇ ਉਤੇ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਜਲੰਧਰ ਵਿੱਚ ਦਿੱਤੇ ਗਏ ਧਰਨੇ 'ਤੇ ਤਿੱਖੀ ਪ੍ਰਤੀਕਿਰਿਆ ਵਜੋਂ ਕਿਹਾ ਕਿ ਬਾਦਲਾਂ ਦੀ ਇਹ ਡਰਾਮੇਬਾਜ਼ੀ ਬੇਸ਼ਰਮੀ ਦੀ ਸਿਖਰ ਹੈ, ਕਿਉਂਕਿ ਦਲਿਤ ਵਿਦਿਆਰਥੀਆਂ ਦੇ ਵਜ਼ੀਫੇ ਦੱਬਣ 'ਚ ਅਕਾਲੀ-ਭਾਜਪਾ ਵਾਲੇ ਮੌਜੂਦਾ ਸਰਕਾਰ ਤੋਂ ਵੱਧ ਦੋਸ਼ੀ ਹਨ। ਇਸ ਸੰਬੰਧ ਵਿੱਚ ਆਮ ਆਦਮੀ ਪਾਰਟੀ ਦੇ ਮੁੱਖ ਦਫਤਰ ਵੱਲੋਂ ਜਾਰੀ ਬਿਆਨ ਮੁਤਾਬਕ ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਐੱਸ ਸੀ ਵਿਦਿਆਰਥੀਆਂ ਦੇ ਪੋਸਟ ਮੈਟ੍ਰਿਕ ਸਕੀਮ ਅਧੀਨ 12000 ਕਰੋੜ ਰੁਪਏ ਕੇਂਦਰ ਵੱਲ ਅਤੇ ਅਕਾਲੀ-ਭਾਜਪਾ ਵੱਲ ਖੜ੍ਹੇ ਹਨ। ਕਰੀਬ ਡੇਢ ਸੌ ਕਰੋੜ ਰੁਪਏ ਸੁਖਬੀਰ ਸਿੰਘ ਬਾਦਲ ਦੀ ਆਪਣੀ ਸਰਕਾਰ ਵੇਲੇ ਦੇ ਸ਼ਾਮਲ ਹਨ। ਹਰਪਾਲ ਸਿੰਘ ਚੀਮਾ ਨੇ ਕੱਲ੍ਹ ਧਰਨੇ ਲਾਉਣ ਦਾ ਡਰਾਮਾ ਕਰ ਰਹੇ ਸੁਖਬੀਰ ਸਿੰਘ ਬਾਦਲ ਤੇ ਬਿਕਰਮ ਸਿੰਘ ਮਜੀਠੀਆ ਨੂੰ ਪੁੱਛਿਆ ਕਿ ਪੰਜਾਬ ਦੇ ਲੋਕਾਂ ਨੇ ਤੁਹਾਡਾ ਰਾਜ-ਪਲਟਾ 2017 'ਚ ਕੀਤਾ ਸੀ, ਓਦੋਂ ਸਾਲ 2015-16 ਦੇ ਐੱਸ ਸੀ ਵਜ਼ੀਫਿਆਂ ਦਾ 327 ਕਰੋੜ ਅਤੇ ਸਾਲ 2016-17 ਲਈ ਕਰੀਬ 550 ਕਰੋੜ ਰੁਪਏ ਬਕਾਏ ਕਿਉਂ ਖੜ੍ਹੇ ਸਨ, ਜਦ ਕਿ ਪੰਜਾਬ ਅਤੇ ਕੇਂਦਰ ਵਿੱਚ ਤੁਹਾਡੀ ਅਕਾਲੀ-ਭਾਜਪਾ ਸਰਕਾਰ ਸੀ। ਫਿਰ ਸਾਲ 2017-18 ਲਈ ਕੇਂਦਰ ਸਰਕਾਰ ਨੇ ਐੱਸ ਸੀ ਵਿਦਿਆਰਥੀਆਂ ਲਈ ਪੋਸਟ ਮੈਟ੍ਰਿਕ ਸਕੀਮ ਦਾ ਪੈਸਾ ਕਿਉਂ ਨਾ ਜਾਰੀ ਕੀਤਾ? ਜਦ ਕਿ ਵਿੱਤੀ ਸਾਲ 2018-19 ਚੱਲਦਾ ਪਿਆ ਹੈ। ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਸੁਖਬੀਰ ਸਿੰਘ ਬਾਦਲ ਨੂੰ ਜਲੰਧਰ ਧਰਨਾ ਦੇਣ ਦੀ ਥਾਂ ਹੁਸ਼ਿਆਰਪੁਰ ਵਿੱਚ ਕੇਂਦਰੀ ਮੰਤਰੀ ਵਿਜੇ ਸਾਂਪਲਾ ਅਤੇ ਪਤਨੀ ਹਰਸਿਮਰਤ ਕੌਰ ਦੇ ਖਿਲਾਫ ਧਰਨਾ ਦੇ ਕੇ ਫਿਰ ਕੈਪਟਨ ਅਮਰਿੰਦਰ ਸਿੰਘ ਦੇ ਘਰ ਨੂੰ ਜਾਣਾ ਚਾਹੀਦਾ ਸੀ।



# ਲਿੰਗ ਜਾਂਚ ਦੇ ਦੋਸ਼ ਵਿੱਚ ਸਕੈਨ ਸੈਂਟਰ ਸੀਲ

ਗੜ੍ਹਸ਼ੰਕਰ, 15 ਨਵੰਬਰ (ਪੋਸਟ ਬਿਊਰੋ)- ਇਸ ਸ਼ਹਿਰ ਦੇ ਬੰਗਾ ਰੋਡ ਉਤੇ ਸਨ ਸਕੈਨ ਸੈਂਟਰ ਅਤੇ ਹਸਪਤਾਲ ਵਿੱਚ ਕੱਲ੍ਹ ਸਿਹਤ ਵਿਭਾਗ ਦੇ ਉਚ ਅਧਿਕਾਰੀਆਂ ਵੱਲੋਂ ਛਾਪੇ ਦੌਰਾਨ ਹਸਪਤਾਲ ਦੇ ਕਰਮਚਾਰੀਆਂ ਨੂੰ ਲਿੰਗ ਨਿਰਧਾਰਨ ਟੈਸਟ ਕਰਦਿਆਂ ਰੰਗੇ ਹੱਥੀਂ ਫੜਿਆ ਗਿਆ। ਇਸ ਮੌਕੇ ਸਿਹਤ ਵਿਭਾਗ ਦੀ ਜਾਂਚ ਟੀਮ ਨੇ ਸਕੈਨ ਸੈਂਟਰ ਨੂੰ ਸੀਲ ਕਰ ਦਿੱਤਾ ਅਤੇ ਹਸਪਤਾਲ ਤੇ ਸਕੈਨ ਸੈਂਟਰ ਦੇ ਮਾਲਕ ਡਾ. ਜਾਵੇਦ ਆਲਮ ਨੂੰ ਫੜ ਲਿਆ ਹੈ। ਜਾਂਚ ਟੀਮ ਵਿੱਚ ਡਾਇਰੈਕਟਰ ਅਪਰੇਸ਼ਨ ਸਪੀਡ ਨੈਟਵਰਕ ਚੰਡੀਗੜ੍ਹ ਰਮੇਸ਼ ਦੱਤ ਤੇ ਹੁਸ਼ਿਆਰਪੁਰ ਦੇ ਸਿਵਲ ਸਰਜਨ ਡਾ. ਰੇਨੂੰ ਸੂਦ ਅਤੇ ਐਸ ਐਮ ਓ ਡਾ. ਟੇਕ ਰਾਜ ਭਾਟੀਆ ਸ਼ਾਮਲ ਸਨ। ਇਸ ਮੌਕੇ ਡਾ. ਰਮੇਸ਼ ਦੱਤ ਨੇ ਦੱਸਿਆ ਕਿ ਟੀਮ ਵੱਲੋਂ ਫਰਜ਼ੀ ਮਹਿਲਾ ਮਰੀਜ਼ ਅਤੇ ਰਿਸ਼ਤੇਦਾਰਾਂ ਨੂੰ ਸੈਂਟਰ ਵਿੱਚ ਲਿੰਗ ਨਿਰਧਾਰਨ ਟੈਸਟ ਲਈ ਭੇਜਿਆ ਗਿਆ ਸੀ। ਉਨ੍ਹਾਂ ਕਿਹਾ ਕਿ ਡਾ. ਜਾਵੇਦ ਆਲਮ ਨੇ ਲਿੰਗ ਨਿਰਧਾਰਨ ਦੇ ਟੈਸਟ ਲਈ 25 ਹਜ਼ਾਰ ਰੁਪਏ ਦੀ ਮੰਗ ਕੀਤੀ ਸੀ ਅਤੇ ਸੌਦਾ 20 ਹਜ਼ਾਰ ਰੁਪਏ ਵਿੱਚ ਤੈਅ ਹੋਇਆ। ਉਨ੍ਹਾਂ ਕਿਹਾ ਕਿ ਫਰਜ਼ੀ ਮਰੀਜ਼ ਦੀ ਮਦਦ ਨਾਲ ਸਿਹਤ ਵਿਭਾਗ ਦੀ ਟੀਮ ਨੇ ਡਾ. ਜਾਵੇਦ ਆਲਮ ਨੂੰ ਰੰਗੇ ਹੱਥੀਂ ਫੜਿਆ ਅਤੇ ਸੈਂਟਰ ਦੀਆਂ ਮਸ਼ੀਨਾਂ ਸੀਲ ਕਰ ਦਿੱਤੀਆਂ ਹਨ। ਜਾਂਚ ਟੀਮ ਨੇ ਇਸ ਬਾਰੇ ਸਿਹਤ ਵਿਭਾਗ ਦੇ ਉਚ ਅਧਿਕਾਰੀਆਂ ਨੂੰ ਇਕ ਰਿਪੋਰਟ ਭੇਜੀ ਹੈ।

# ਸਲਮਾਨ ਦੀ ਫਿਲਮ ਦੇ ਸਾਥੀ ਕਲਾਕਾਰਾਂ ਦੇ ਚੈੱਕ ਬਾਊਂਸ ਹੋ ਗਏ

ਲੁਧਿਆਣਾ, 15 ਨਵੰਬਰ (ਪੋਸਟ ਬਿਊਰੋ)- ਡਾਇਰੈਕਟਰ ਅਲੀ ਅੱਬਾਸ ਜ਼ਫਰ ਵੱਲੋਂ ਨਿਰਦੇਸ਼ਿਤ ਫਿਲਮ 'ਭਾਰਤ' ਦੇ ਨਾਲ ਇੱਕ ਵਿਵਾਦ ਜੁੜ ਗਿਆ ਹੈ। ਕਰੀਬ 200 ਕਰੋੜ ਰੁਪਏ ਦੇ ਬਜਟ ਵਾਲੀ ਫਿਲਮ ਵਿੱਚ ਸ਼ੂਟਿੰਗ ਲਈ ਸੱਦੇ ਗਏ ਸਾਥੀ ਕਲਾਕਾਰਾਂ ਨੂੰ ਉਨ੍ਹਾਂ ਦਾ ਮਿਹਨਤਾਨਾ ਨਹੀਂ ਦਿੱਤਾ ਗਿਆ।

ਮਿਲੀ ਜਾਣਕਾਰੀ ਅਨੁਸਾਰ ਉਨ੍ਹਾਂ ਕਲਾਕਾਰਾਂ ਨੂੰ ਸਾਢੇ ਤਿੰਨ ਸੌ ਰੁਪਏ ਦਿਹਾੜੀ ਉੱਤੇ ਪਿੰਡ ਬੱਲੋਵਾਲ ਨੂੰ ਲਿਆਂਦਾ ਗਿਆ ਸੀ। ਕੁਝ ਲੋਕਾਂ ਨੂੰ ਕੈਸ਼ ਪੇਮੈਂਟ ਕੀਤੀ ਗਈ, ਪਰ ਕੁਝ ਲੋਕਾਂ ਨੂੰ ਚੈੱਕ ਦਿੱਤਾ ਗਿਆ। ਜਦ ਲੋਕ ਚੈਕ ਕੈਸ਼ ਕਰਾਉਣ ਬੈਂਕ ਗਏ ਤਾਂ ਪਤਾ ਲੱਗਾ ਕਿ ਇਸ ਵਿੱਚ ਪੈਸੇ ਹੀ ਨਹੀਂ, ਜਿਸ ਤੋਂ ਉਨ੍ਹਾਂ ਵਿੱਚ ਰੋਸ ਪਾਇਆ ਗਿਆ। ਲੋਕਾਂ ਨੇ ਕੱਲ੍ਹ ਤੋਂ ਸ਼ੂਟਿੰਗ 'ਤੇ ਜਾਣੋਂ ਮਨ੍ਹਾ ਕਰ ਦਿੱਤਾ ਹੈ। ਟਿੱਬਾ ਰੋਡ ਦੀ ਪੀੜਤਾ ਬਲਦੀਪ ਸਿੰਘ, ਸੁਮਨ, ਅੰਜੂ ਮਨਜੀਤ, ਮਹਿੰਦਰ ਕੌਰ, ਸੀਤਾ ਰਾਣੀ, ਮਨਦੀਪ ਕੌਰ ਦਾ ਕਹਿਣਾ ਹੈ ਕਿ ਜਾਨ, ਕਰਣ ਤੇ ਮਦਨ ਲਾਲ ਉਨ੍ਹਾਂ ਨੂੰ ਫਿਲਮ ਦੀ ਸ਼ੂਟਿੰਗ ਲਈ ਲਿਆਏ ਸਨ। ਉਨ੍ਹਾਂ ਨੂੰ ਦੋ ਦਿਨ ਤੋਂ ਮਿਹਨਤਾਨਾ ਨਹੀਂ ਦਿੱਤਾ ਗਿਆ। ਦੋ ਦਿਨ ਬਾਅਦ ਕੁਝ ਲੋਕਾਂ ਨੂੰ ਪੈਸੇ ਦੇ ਦਿੱਤੇ ਗਏ, ਪਰ ਕੁਝ ਲੋਕਾਂ ਦੇ ਮਿਹਨਤਾਨੇ ਦਾ ਚੈੱਕ ਤੀਹ ਹਜ਼ਾਰ ਉਨ੍ਹਾਂ ਨੂੰ ਇੱਕ ਵਿਅਕਤੀ ਦੇ ਨਾਂਅ 'ਤੇ ਦਿੱਤਾ ਗਿਆ ਸੀ, ਜਦ ਉਹ ਪੈਸੇ ਕੈਸ਼ ਕਰਵਾਉਣ ਦੇ ਲਈ ਬੈਂਕ ਗਏ ਤਾਂ ਪਤਾ ਲੱਗਾ ਕਿ ਇਸ ਅਕਾਊਂਟ ਵਿੱਚ ਪੈਸੇ ਹੀ ਨਹੀਂ। ਲੋਕਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਇਹ ਕਹਿ ਕੇ ਲਿਆਂਦਾ ਗਿਆ ਸੀ ਕਿ ਉਥੇ ਵੱਡੇ ਕਲਾਕਾਰਾਂ ਨੂੰ ਮਿਲਾਇਆ ਜਾਏਗਾ ਤੇ ਪੈਸੇ ਵੀ ਮਿਲਣਗੇ, ਪਰ ਉਨ੍ਹਾਂ ਨੂੰ ਨਾ ਕਲਾਕਾਰਾਂ ਨਾਲ ਮਿਲਾਇਆ ਗਿਆ ਅਤੇ ਨਾ ਪੈਸੇ ਪੂਰੇ ਮਿਲੇ।

# ਬੈਂਕ ਗਾਰਡ ਨੂੰ ਗੋਲੀ ਮਾਰ ਕੇ ਮਾਰਨ ਪਿੱਛੋਂ 50 ਲੱਖ ਲੁੱਟੇ

ਪਟਿਆਲਾ, 15 ਨਵੰਬਰ (ਪੋਸਟ ਬਿਊਰੋ)- ਨਾਭਾ ਵਿੱਚ ਦੋ ਲੁਟੇਰਿਆਂ ਨੇ ਕੱਲ੍ਹ ਸਟੇਟ ਬੈਂਕ ਆਫ ਇੰਡੀਆ ਦੇ ਸੁਰੱਖਿਆ ਗਾਰਡ ਨੂੰ ਗੋਲੀ ਮਾਰ ਕੇ ਮਾਰ ਦਿੱਤਾ ਤੇ 50 ਲੱਖ ਰੁਪਏ ਲੁੱਟ ਲਏ। ਇਹ ਵਾਰਦਾਤ ਨਾਭਾ ਦੀ ਅਨਾਜ ਮੰਡੀ ਵਿੱਚ ਹੋਈ ਜਦ ਐੱਸ ਬੀ ਆਈ ਦਾ ਕਲਰਕ ਅੰਤਰਿਕਸ਼ ਵੈਦ ਤੇ ਸੁਰੱਖਿਆ ਗਾਰਡ ਪ੍ਰੇਮ ਚੰਦ 50 ਲੱਖ ਰੁਪਏ ਦੀ ਨਕਦੀ ਬੈਂਕ ਦੀ ਪਟਿਆਲਾ ਗੇਟ ਵਾਸੀ ਕਰੰਸੀ ਚੈਸਟ ਬ੍ਰਾਂਚ ਤੋਂ ਨਿੱਜੀ ਕਾਰ 'ਚ ਲੈ ਕੇ ਆਪਣੀ ਬ੍ਰਾਂਚ ਆ ਰਹੇ ਸਨ। ਪਿੱਛਾ ਕਰਦੇ ਆ ਰਹੇ ਦੋ ਜਣਿਆਂ ਨੇ ਇਨ੍ਹਾਂ ਨੂੰ ਨਕਦੀ ਵਾਲਾ ਬੈਗ ਉਤਾਰਨ ਸਮੇਂ ਹੀ ਗੋਲੀ ਮਾਰ ਦਿੱਤੀ।



ਜਾਣਕਾਰੀ ਦਿੰਦੇ ਹੋਏ ਪੁਲਸ ਅਧਿਕਾਰੀ।

ਪਟਿਆਲਾ ਜ਼ੋਨ ਦੇ ਆਈ ਜੀ, ਏ ਐੱਸ ਰਾਏ ਨੇ ਦੱਸਿਆ ਕਿ ਪੁਲਸ ਨੇ ਫੁਰਤੀ ਵਿਖਾ ਕੇ ਮੁਲਜ਼ਮਾਂ ਨੂੰ ਹਥਿਆਰਾਂ ਅਤੇ ਨਕਦ ਰਾਸ਼ੀ ਸਮੇਤ ਚਾਰ ਘੰਟਿਆਂ ਵਿੱਚ ਕਾਬੂ ਕਰ ਲਿਆ। ਆਈ ਜੀ ਦੇ ਮੁਤਾਬਕ ਐੱਸ ਐੱਸ ਪੀ ਮਨਦੀਪ ਸਿੰਘ ਸਿੱਧੂ ਆਪਣੀ ਪੂਰੀ ਟੀਮ ਸਮੇਤ ਨਾਭਾ ਵਿਖੇ ਸਨ ਕਿਉਂਕਿ ਪਿਛਲੇ ਦੋ ਮਹੀਨਿਆਂ ਦੌਰਾਨ ਨਾਭਾ ਵਿਖੇ ਹੋਏ ਚਾਰ ਕਤਲਾਂ ਅਤੇ ਦੋ ਡਕੈਤੀਆਂ ਦੀਆਂ ਵਾਰਦਾਤਾਂ ਨੂੰ ਇਨ੍ਹਾਂ ਨੇ ਹੱਲ ਕੀਤਾ ਸੀ ਤੇ ਇਸੇ ਲਈ ਨਾਭਾ ਦੀਆਂ ਸਮਾਜ ਸੇਵੀ ਜਥੇਬੰਦੀਆਂ ਨੇ ਸਿੱਧੂ ਦਾ ਸਨਮਾਨ ਕਰਨਾ ਸੀ। ਸਿੱਧੂ ਤੁਰੰਤ ਮੌਕੇ ਉਤੇ ਪੁੱਜੇ ਅਤੇ ਟੀਮਾਂ ਦਾ ਗਠਨ ਕੀਤਾ। ਦੋਵਾਂ ਮੁਲਜ਼ਮਾਂ ਨੂੰ ਸੰਗਰੂਰ ਤੋਂ ਫੜ ਲਿਆ ਗਿਆ।

JEYA

LOOKING FOR LONG/SHORT HAULS

Hiring Team Drivers & Single drivers

DEDICATED A/Z DRIVERS FOR USA/LOCAL CANADA

- Jeya Transport ਵਾਲਿਆਂ ਨੂੰ US/CANADA ਲਈ A/Z ਡਰਾਈਵਰਾਂ ਦੀ ਲੋੜ
- Texas ਅਤੇ Midwest ਦੇ ਡੈਡੀਕੇਟਡ ਰਨ
- 2016-18 ਦੇ Automatic ਅਤੇ Manual Cascadia ਦੇ ਟਰੱਕ
- ਚੰਗੀ ਜੌਬ ਅਤੇ ਵਧੀਆ ਤਨਖਾਹ, ਵਧੀਆ ਮਾਈਲਜ਼ ਪਿਕਅਪ ਅਤੇ ਡਰਾਪ ਇੱਕੋ ਥਾਂ ਤੇ
- ਸਿੰਗਲ ਡਰਾਇਵਰਾਂ ਨੂੰ 0.60 ਸੈਂਟ ਪਰ ਮਾਇਲ, ਟੀਮ ਡਰਾਇਵਰਾਂ ਨੂੰ 0.66 ਸੈਂਟ

- Looking For dedicated A/Z Drivers For USA/Local Canada
- Every Pick up and Drop off is in the same place
- Good Job, Per Mile 0.60 Cents for single drivers & 0.66 Cents for team drivers
- New Trucks And Trailers 2016-2018

ALSO HIRING OWNER OPERATORS



www.jeyatransport.com

202-2386 Haines Rd., Mississauga ON.

Sakshi: 647-534-5770 | Riki: 647-963-7131

Office: 905-564-8851

Email: ramesh@jeyatransport.com/sakshi@jeyatransport.com

PLATINUM MORTGAGES

FOR ALL MORTGAGE NEEDS

QUICK MORTGAGE ARRANGEMENT

2ND MORTGAGE

- NO CREDIT CHECK
- NO APPLICATION FEE
- NO JOB INCOME VERIFICATION
- NO PROBLEM

1ST MORTGAGE Starting from 2.59 % OAC

SPECIAL RATES FOR REFINANCING

Professional & Quality Service Guaranteed





Kanwaljit S. Dhunna

Mortgage broker

416.301.1976

Email: kdhunna62@gmail.com

Lic # 11992 FSCO # M08002472

- 1st & 2nd Mortgages
- Refinancing & Renewal
- Line of Credit
- Debt Consolidation
- Self Employed
- Truck Loan
- Equipment Leasing
- Bad Credit

5 CHERRYCREST DR. #206 BRAMPTON L6P 3W4

www.AREA REALTOR.com




KAMAL SANDHU

Sales Representative

647.891.0143

905.488.2100 ext. 407





# ਸਪਾਈਸ ਜੈਟ ਦੀ ਦੂਜੀ ਤਿਮਾਹੀ ਵਿੱਚ 389 ਕਰੋੜ ਦਾ ਘਾਟਾ

ਨਵੀਂ ਦਿੱਲੀ, 15 ਨਵੰਬਰ (ਪੋਸਟ ਬਿਊਰੋ)- ਹਵਾਬਾਜ਼ੀ ਕੰਪਨੀ ਸਪਾਈਸ ਜੈੱਟ ਨੂੰ ਚਾਲੂ ਵਿੱਤੀ ਸਾਲ ਦੀ ਸਤੰਬਰ ਵਿੱਚ ਖਤਮ ਦੂਜੀ ਤਿਮਾਹੀ ਵਿੱਚ 389.37 ਕਰੋੜ ਰੁਪਏ ਦਾ ਕੁੱਲ ਘਾਟਾ ਹੋਇਆ ਹੈ। ਤੇਲ ਦੀ ਉਚੀ ਲਾਗਤ ਅਤੇ ਰੁਪਏ 'ਚ ਗਿਰਾਵਟ ਨਾਲ ਏਅਰਲਾਈਨ ਨੂੰ ਘਾਟਾ ਝੱਲਣਾ ਪਿਆ ਹੈ।

ਇਸ ਤੋਂ ਪਿਛਲੇ ਸਾਲ ਦੀ ਇਸੇ ਤਿਮਾਹੀ 'ਚ ਏਅਰਲਾਈਨ ਨੇ 105.27 ਕਰੋੜ ਰੁਪਏ ਸ਼ੁੱਧ ਲਾਭ ਕਮਾਇਆ ਸੀ। ਕੰਪਨੀ ਨੇ ਕਿਹਾ ਕਿ ਤਿਮਾਹੀ ਦੌਰਾਨ ਉਸ ਦੀ ਸੰਚਾਲਨ ਕਮਾਈ ਵਧ ਕੇ 1848.28 ਕਰੋੜ ਰੁਪਏ ਉਤੇ ਪਹੁੰਚ ਗਈ, ਜੋ ਇਸ ਤੋਂ ਪਿਛਲੇ ਵਿੱਤੀ ਸਾਲ ਦੀ ਇਸੇ ਤਿਮਾਹੀ ਵਿੱਚ 1794.57 ਕਰੋੜ ਰੁਪਏ ਸੀ। ਤਿਮਾਹੀ ਦੌਰਾਨ ਕੰਪਨੀ ਦਾ ਕੁੱਲ ਖਰਚ 2299.67 ਕਰੋੜ ਰੁਪਏ ਰਿਹਾ, ਜੋ ਇਸ ਤੋਂ ਪਿਛਲੇ ਵਿੱਤੀ ਸਾਲ ਦੀ ਇਸੇ ਤਿਮਾਹੀ ਵਿੱਚ 1736.7 ਕਰੋੜ ਰੁਪਏ ਰਿਹਾ ਸੀ। ਸਪਾਈਸ ਜੈੱਟ ਨੇ ਕਿਹਾ, ਤਿਮਾਹੀ ਦੌਰਾਨ ਲਾਗਤ ਦਬਾਅ ਨਾਲ




ਕੰਪਨੀ ਨੇ ਜਹਾਜ਼ ਤੇਲ ਏ ਟੀ ਐੱਫ ਦੀ ਵਧੀ ਲਾਗਤ 'ਤੇ 272 ਕਰੋੜ ਰੁਪਏ, ਰੁਪਏ 'ਚ ਗਿਰਾਵਟ ਦੀ ਵਜ੍ਹਾ ਨਾਲ 78 ਕਰੋੜ ਰੁਪਏ ਦਾ ਭੁਗਤਾਨ ਕੀਤਾ। ਨਾਲ ਹੀ ਉਸ ਨੂੰ 46 ਕਰੋੜ ਰੁਪਏ ਦਾ ਵਿਦੇਸ਼ੀ ਐਕਸਚੇਂਜ ਨੁਕਸਾਨ ਹੋਇਆ।'' ਸਪਾਈਸ ਜੈੱਟ ਦੇ ਚੇਅਰਮੈਨ ਅਤੇ ਪ੍ਰਬੰਧ ਨਿਰਦੇਸ਼ਕ ਅਜੈ ਸਿੰਘ ਨੇ ਕਿਹਾ, ਇਹ ਸਮੁੱਚੇ ਉਦਯੋਗ ਲਈ ਕਾਫੀ ਚੁਣੌਤੀ ਭਰਪੂਰ ਤਿਮਾਹੀ ਰਹੀ। ਅਸੀਂ ਆਪਣੇ ਹਮਲਾਵਰ ਤਰੀਕੇ ਨਾਲ ਨੈੱਟਵਰਕ ਵਿਸਥਾਰ, ਲਾਗਤ ਕਟੌਤੀ 'ਤੇ ਜ਼ੋਰ, ਈਂਧਣ ਕੁਸ਼ਲ ਜਹਾਜ਼ਾਂ ਨੂੰ ਸ਼ਾਮਲ ਕਰ ਕੇ ਅਤੇ ਆਪਣੇ ਕਰਮਚਾਰੀਆਂ ਦੀ ਮੁਕਾਬਲੇਬਾਜ਼ੀ ਦੀ ਭਾਵਨਾ ਕਾਰਨ ਇਨ੍ਹਾਂ ਚੁਣੌਤੀਆਂ ਦਾ ਮੁਕਾਬਲਾ ਕਰ ਸਕੇ।

ਜੈੱਟ ਏਅਰਵੇਜ਼ ਲਗਾਤਾਰ ਘਾਟੇ 'ਚ ਚੱਲ ਰਹੀ ਹੈ। ਦੀਵਾਲੀਆ ਹੋਣ ਦੀ ਕਗਾਰ 'ਤੇ ਖੜ੍ਹੀ ਜੈੱਟ ਏਅਰਵੇਜ਼ ਖੁਦ ਨੂੰ ਇਸ ਵਿੱਤੀ ਸੰਕਟ ਤੋਂ ਉਭਾਰਨ ਲਈ ਹਰ ਸੰਭਵ ਕੋਸ਼ਿਸ਼ ਕਰਨ ਲੱਗੀ ਹੋਈ ਹੈ। ਮੀਡੀਆ ਰਿਪੋਰਟ ਅਨੁਸਾਰ ਜੈੱਟ ਏਅਰਵੇਜ਼ ਨੂੰ ਟਾਟਾ ਸੰਨਜ਼ ਖਰੀਦ ਸਕਦੀ ਹੈ। ਦੋਵਾਂ ਦਰਮਿਆਨ ਇਸ ਸੌਦੇ ਨੂੰ ਲੈ ਕੇ ਜ਼ੋਰਾਂ-ਸ਼ੋਰਾਂ ਨਾਲ ਗੱਲਬਾਤ ਚੱਲ ਰਹੀ ਹੈ। ਦੱਸਿਆ ਜਾ ਰਿਹਾ ਹੈ ਕਿ ਜੈੱਟ ਨੂੰ ਖਰੀਦਣ ਵਿੱਚ ਟਾਟਾ ਦੀ ਕਾਫੀ ਦਿਲਚਸਪੀ ਹੈ। ਮੀਡੀਆ ਰਿਪੋਰਟ ਮੁਤਾਬਕ ਇਸ ਮਾਮਲੇ ਵਿੱਚ ਟਾਟਾ ਸੰਨਜ਼ ਦੇ ਮੁੱਖ ਵਿੱਤੀ ਅਧਿਕਾਰੀ ਸੌਰਭ ਅਗਰਵਾਲ ਤੇ ਜੈੱਟ ਏਅਰਵੇਜ਼ ਦੇ ਚੇਅਰਮੈਨ ਨਰੇਸ਼ ਗੋਇਲ ਨੇ ਮੁਲਾਕਾਤ ਕਰ ਕੇ ਚਰਚਾ ਕੀਤੀ। ਤੀਜੀ ਤਿਮਾਹੀ ਵਿੱਚ ਨੁਕਸਾਨ ਤੋਂ ਬਾਅਦ ਕਰਜ਼ੇ ਵਿੱਚ ਚੱਲ ਰਹੀ ਜੈੱਟ ਏਅਰਵੇਜ਼ ਨੇ ਕਿਹਾ ਕਿ ਉਸ ਨੇ ਲਾਗਤ ਘੱਟ ਕਰਨ ਅਤੇ ਮਾਲੀਆ ਵਧਾਉਣ ਦੀਆਂ ਕੋਸ਼ਿਸ਼ਾਂ ਤਹਿਤ ਘੱਟ ਲਾਭਦਾਇਕ ਮਾਰਗਾਂ 'ਤੇ ਉਡਾਣਾਂ ਵਿੱਚ ਕਟੌਤੀ ਕਰਨ ਦੀ ਯੋਜਨਾ ਬਣਾਈ ਹੈ।

# ਰਾਜਧਾਨੀ ਦਿੱਲੀ ਵਿੱਚ ਫੈਸ਼ਨ ਡਿਜ਼ਾਈਨਰ ਤੇ ਘਰੇਲੂ ਸਹਾਇਕ ਦੀ ਹੱਤਿਆ

ਨਵੀਂ ਦਿੱਲੀ, 15 ਨਵੰਬਰ (ਪੋਸਟ ਬਿਊਰੋ)- ਦਿੱਲੀ 'ਚ ਬੁੱਧਵਾਰ ਰਾਤ ਫੈਸ਼ਨ ਡਿਜ਼ਾਈਨਰ ਮਾਲਾ ਲਖਾਨੀ ਤੇ ਉਨ੍ਹਾਂ ਦੇ ਘਰੇਲੂ ਸਹਾਇਕ ਬਹਾਦੁਰ ਦੀ ਹੱਤਿਆ ਕਰ ਦਿੱਤੀ ਗਈ ਹੈ। ਉਸ ਆਲੀਸ਼ਾਨ ਘਰ ਵਿਚ ਉਨ੍ਹਾਂ ਦੇ ਟੇਲਰ (ਸਿਲਾਈ ਕਰਨ ਵਾਲਾ) ਰਾਹੁਲ ਉਰਫ਼ ਅਨਵਰ ਨੇ ਦੋ ਹੋਰ ਸਾਥੀਆਂ ਨਾਲ ਵਾਰਦਾਤ ਕੀਤੀ ਹੈ। ਪਹਿਲਾਂ ਮਾਲਾ ਲਖਾਨੀ ਦੀ ਹੱਤਿਆ ਕੀਤੀ ਗਈ। ਉਥੇ ਘਰੇਲੂ ਸਹਾਇਕ ਬਹਾਦੁਰ ਦੇ ਆ ਜਾਣ ਉਤੇ ਉਸ ਦੀ ਵੀ ਹੱਤਿਆ ਕਰ ਦਿੱਤੀ ਗਈ। ਵਾਰਦਾਤ ਤੋਂ ਬਾਅਦ ਗਹਿਣੇ ਲੁੱਟ ਕੇ ਅਤੇ ਘਰ ਦੀ ਸਫ਼ਾਈ ਕਰਨ ਤੋਂ ਬਾਅਦ ਤਿੰਨੋਂ ਪਹਿਲਾਂ ਫ਼ਰਾਰ ਹੋ ਗਏ। ਫਿਰ ਕੁਝ ਘੰਟੇ ਬਾਅਦ ਥਾਣੇ ਵਿਚ ਆਤਮ ਸਮਰਪਣ ਕਰ ਦਿੱਤਾ।

ਦੋਸ਼ੀ ਰਾਹੁਲ ਮਾਲਾ ਦੇ ਕੋਲ ਕੱਪੜਿਆਂ ਦੀ ਸਿਲਾਈ ਦਾ ਕੰਮ ਕਰਦਾ ਸੀ। ਉਸ ਨੇ ਪੁਲਿਸ ਨੂੰ ਦੱਸਿਆ ਕਿ ਮਾਲਾ ਡੇਢ ਮਹੀਨੇ ਤੋਂ ਉਸ ਨੂੰ ਪੈਸੇ ਦੇਣ ਵਿਚ ਆਨਾਕਾਨੀ ਕਰ ਰਹੀ ਸੀ ਜਿਸ ਤੋਂ ਉਹ ਪਰੇਸ਼ਾਨ ਸੀ। ਹੱਤਿਆ ਤੋਂ ਪਹਿਲਾਂ ਵੀ ਪੈਸਿਆਂ ਬਾਰੇ ਰਾਹੁਲ ਦਾ ਮਾਲਾ ਨਾਲ ਝਗੜਾ ਹੋਇਆ ਸੀ। ਪੁਲਿਸ ਨੇ ਤਿੰਨਾਂ ਖ਼ਿਲਾਫ਼



*ਮਾਲਾ ਲਖਾਨੀ ਦੀ ਫਾਇਲ ਫੋਟੋ, ਫੜ੍ਹੇ ਗਏ ਮੁਲਜ਼ਿਮ ਤੇ ਮਾਲਾ ਦਾ ਘਰ।*

ਹੱਤਿਆ, ਲੁੱਟ-ਖੋਹ, ਅਪਰਾਧਕ ਸਾਜ਼ਿਸ਼ ਰਚਣ ਅਤੇ ਆਮਰਜ਼ ਐਕਟ ਦਾ ਕੇਸ ਦਰਜ ਕੀਤਾ ਹੈ। ਜਾਇੰਟ ਪੁਲਿਸ ਕਮਿਸ਼ਨਰ (ਨਵੀਂ ਦਿੱਲੀ) ਰੇਂਜ ਅਜੈ ਚੌਧਰੀ ਮੁਤਾਬਿਕ ਗ੍ਰਿਫ਼ਤਾਰ ਮੁਲਜ਼ਮਾਂ ਦੇ ਨਾਂ ਰਾਹੁਲ ਉਰਫ਼ ਅਨਵਰ, ਰਹਿਮਤ ਤੇ ਵਸੀਮ ਹਨ। ਤਿੰਨੋਂ ਮੂਲ ਰੂਪ ਨਾਲ ਝਾਰਖੰਡ ਦੇ ਵਾਸੀ ਹਨ, ਪਰ ਚਿਰਾਂ ਤੋਂ ਵਸੰਤ ਕੁੰਜ ਇਲਾਕੇ ਦੀ ਰੰਗਪੁਰੀ ਪਹਾੜੀ 'ਤੇ ਰਹਿ ਰਹੇ ਹਨ। ਰਹਿਮਤ, ਰਾਹੁਲ ਉਰਫ਼ ਅਨਵਰ ਦੀ ਭੂਆ ਦਾ ਬੇਟਾ ਹੈ। ਰਾਹੁਲ ਸਾਢੇ ਤਿੰਨ ਸਾਲ ਤੋਂ ਮਾਲਾ ਲਖਾਨੀ ਦੇ ਕੋਲ ਕੱਪੜਿਆਂ ਦੀ ਸਿਲਾਈ ਦਾ ਕੰਮ ਕਰ ਰਿਹਾ ਸੀ। ਰਹਿਮਤ ਅਤੇ ਵਸੀਮ ਟੇਲਰ ਹਨ। ਮਾਲਾ ਨੇ ਕੋਠੀ ਵਿਚ ਹੀ ਇਕ ਵੱਡੇ ਕਮਰੇ ਨੂੰ ਵਰਕਸ਼ਾਪ ਵਿਚ ਤਬਦੀਲ ਕਰ ਦਿੱਤਾ ਸੀ। ਵਸੰਤ ਕੁੰਜ ਐਨਕਲੇਵ ਦੇ ਏ-82 ਵਿਚ ਮਾਲਾ ਲਖਾਨੀ (53) ਇਕੱਲੀ ਰਹਿੰਦੀ ਸੀ। ਉਹ ਅਣਵਿਆਹੀ ਸੀ। ਉਸ ਨਾਲ 50 ਸਾਲ ਦਾ ਬਹਾਦੁਰ ਨਾਂ ਦਾ ਘਰੇਲੂ ਸਹਾਇਕ ਵੀ ਰਹਿੰਦਾ ਸੀ ਜਿਹੜਾ ਮੂਲ ਰੂਪ ਨਾਲ ਨੇਪਾਲ ਦਾ ਨਿਵਾਸੀ ਸੀ। ਬੁੱਧਵਾਰ ਰਾਤ ਕਰੀਬ 11 ਵਜੇ ਰਾਹੁਲ ਨੇ ਕੱਪੜੇ ਵੇਖਣ ਦੇ ਬਹਾਨੇ ਮਾਲਾ ਨੂੰ ਫੋਨ ਕਰਕੇ ਘਰ ਵਿਚ ਬਣੀ ਵਰਕਸ਼ਾਪ ਵਿਚ ਸੱਦਿਆ। ਉਥੇ ਪਹਿਲਾਂ ਤੋਂ ਉਸ ਨੇ ਰਹਿਮਤ ਤੇ ਵਸੀਮ ਨੂੰ ਸੱਦਿਆ ਹੋਇਆ ਸੀ। ਮਾਲਾ ਦੇ ਆਉਣ 'ਤੇ ਰਾਹੁਲ ਨੇ ਪੈਸੇ ਮੰਗਣੇ ਸ਼ੁਰੂ ਕਰ ਦਿੱਤੇ। ਬਹਿਸ ਹੋਣ 'ਤੇ ਰਾਹੁਲ ਨੇ ਗੁੱਸੇ ਵਿਚ ਆ ਕੇ ਪਹਿਲਾਂ ਇਕੱਲੇ ਹੀ ਉਨ੍ਹਾਂ ਦੇ ਮੂੰਹ 'ਤੇ ਹੱਥ ਰੱਖ ਕੇ ਜ਼ੋਰ ਨਾਲ ਕੁਝ ਦੇਰ ਤਕ ਦਬਾ ਰੱਖਿਆ। ਫਿਰ ਰਹਿਮਤ ਤੇ ਵਸੀਮ ਨੇ ਚਾਕੂਆਂ ਨਾਲ ਵਾਰ ਕਰਕੇ ਮਾਲਾ ਦੀ ਹੱਤਿਆ ਕਰ ਦਿੱਤੀ। ਉਸੇ ਦੌਰਾਨ ਬਹਾਦੁਰ ਉਥੇ ਆ ਗਿਆ। ਭੇਦ ਖੁੱਲ੍ਹਣ ਦੇ ਡਰ ਨਾਲ ਤਿੰਨਾਂ ਨੇ ਉਸ ਦੀ ਵੀ ਹੱਤਿਆ ਕਰ ਦਿੱਤੀ। ਇਸ ਤੋਂ ਬਾਅਦ ਤਿੰਨਾਂ ਨੇ ਘਰ ਵਿਚ ਲੁੱਟਮਾਰ ਕੀਤੀ।

## 10 ਦਿਨਾਂ ਤੋਂ ਲਾਪਤਾ ਟਰੱਕ ਚਾਲਕ ਅਤੇ ਸਾਥੀਆਂ ਦੀਆਂ ਲਾਸ਼ਾਂ ਮਿਲੀਆਂ



*ਲੈਂਡਸਲਾਈਡ ਤੋਂ ਬਾਅਦ ਲਾਸ਼ਾਂ ਲੱਭਦੇ ਹੋਏ ਸਥਾਨਕ ਲੋਕ।*

ਜੰਮੂ, 15 ਨਵੰਬਰ (ਪੋਸਟ ਬਿਊਰੋ)- ਜੰਮੂ-ਸ੍ਰੀਨਗਰ ਰਾਸ਼ਟਰੀ ਹਾਈਵੇ ਉੱਤੇ ਬੈਟਰੀ ਚਸ਼ਮਾ ਵਿੱਚ ਪੰਜ ਨਵੰਬਰ ਨੂੰ ਜ਼ਮੀਨ ਖਿਸਕਣ ਨਾਲ ਲਾਪਤਾ ਹੋਏ ਟਰੱਕ ਚਾਲਕ ਸਮੇਤ ਤਿੰਨ ਜਣਿਆਂ ਦੀਆਂ ਲਾਸ਼ਾਂ ਨੂੰ ਕੱਲ੍ਹ ਬਰਾਮਦ ਕੀਤਾ ਗਿਆ ਹੈ। ਬਰਾਮਦ ਹੋਈਆਂ ਲਾਸ਼ਾਂ ਦੀ ਪਛਾਣ ਚਾਲਕ ਕਰਜ ਸਿੰਘ (26) ਪੁੱਤਰ ਮਨਜੀਤ ਸਿੰਘ ਵਾਸੀ ਨਵਾ ਪਿੰਡ ਮਿਲਖੀਵਾਲ ਗੁਰਦਾਸਪੁਰ, ਪੰਜਾਬ, ਜੋਗਿੰਦਰ ਲਾਲ (56) ਪੁੱਤਰ ਗੁਰ-ਚਰਨ ਲਾਲ ਅਤੇ ਕਸ਼ਮੀਰੀ ਲਾਲ (21) ਪੁੱਤਰ ਜੋਗਿੰਦਰ ਲਾਲ ਵਾਸੀ ਮੱਲੀਆਂ ਖੁਰਦ, ਗੁਰਦਾਸਪੁਰ ਦੇ ਰੂਪ ਵਿੱਚ ਕੀਤੀ ਗਈ ਹੈ।

ਵਰਨਣ ਯੋਗ ਹੈ ਕਿ ਪੰਜ ਨਵੰਬਰ ਨੂੰ ਬੈਟਰੀ ਚਸ਼ਮਾ ਵਿੱਚ ਜ਼ਮੀਨ ਖਿਸਕਣ ਨਾਲ ਸੇਬ ਲੈ ਕੇ ਜਾ ਰਿਹਾ ਪੰਜਾਬ ਦਾ ਇੱਕ ਟਰੱਕ ਲਾਪਤਾ ਹੋ ਗਿਆ ਸੀ। ਜ਼ਮੀਨ ਖਿਸਕਣ ਉਤੇ ਮਲਬੇ ਹੇਠਾਂ ਦੱਬੇ ਇਸ ਟਰੱਕ ਦੇ ਲਾਪਤਾ ਹੋਣ ਦਾ ਪਤਾ ਉਦੋਂ ਲੱਗਾ ਜਦੋਂ ਟਰੱਕ ਦਾ ਮਾਲਕ ਤੇ ਉਸ ਵਿੱਚ ਸਵਾਰ ਤਿੰਨ ਜਣਿਆਂ ਦੇ ਘਰਦਿਆਂ ਨੇ ਟਰੱਕ ਅਤੇ ਆਪਣੇ ਪਰਵਾਰਕ ਮੈਂਬਰਾਂ ਦੇ ਲਾਪਤਾ ਹੋਣ ਦੀ ਗੱਲ ਦੱਸੀ। ਇਸ ਦੇ ਬਾਅਦ ਪੁਲਸ ਨੇ ਐੱਨ ਡੀ ਆਰ ਐੱਫ, ਐੱਸ ਡੀ ਆਰ ਐੱਫ, ਆਰਮੀ ਅਤੇ ਸਿਵਲ ਕਿਊ ਆਰ ਟੀ ਦੀਆਂ ਟੀਮਾਂ ਨੂੰ ਮੌਕੇ 'ਤੇ ਸੱਦਿਆ ਅਤੇ ਬਚਾਅ ਮੁਹਿੰਮ ਸ਼ੁਰੂ ਕਰ ਦਿੱਤੀ। ਫਿਰ ਮੰਗਲਵਾਰ ਨੂੰ ਟਰੱਕ ਦੀ ਚੈਸੀ ਬਰਾਮਦ ਕਰ ਲਈ ਗਈ। ਇਸ ਦੇ ਬਾਅਦ ਕੱਲ੍ਹ ਬਚਾਅ ਮੁਹਿੰਮ ਦੇ ਤਹਿਤ ਟਰੱਕ ਵਿੱਚ ਸਵਾਰ ਸਾਰੇ ਲੋਕਾਂ ਦੀਆਂ ਲਾਸ਼ਾਂ ਨੂੰ ਕਾਫੀ ਜੱਦੋ ਜਹਿਦ ਦੇ ਬਾਅਦ ਬਰਾਮਦ ਕੀਤਾ ਗਿਆ।

## ਗਰੁੱਪ ਆਫ ਮਨਿਸਟਰਜ਼ ਫਾਈਲਾਂ 'ਚ ਰਹਿ ਗਿਆ

ਨਵੀਂ ਦਿੱਲੀ, 15 ਨਵੰਬਰ (ਪੋਸਟ ਬਿਊਰੋ)- ਸਰਕਾਰ ਭਲੇ ਹੀ ਛੋਟੇ ਤੇ ਦਰਮਿਆਨੇ ਸਨਅਤਕਾਰਾਂ ਨੂੰ ਉਤਸ਼ਾਹ ਦੇਣ ਦੀ ਕੋਸ਼ਿਸ਼ ਕਰ ਰਹੀ ਹੋਵੇ, ਪਰ ਐਮ ਐਸ ਐਮ ਈ ਦੀਆਂ ਸ਼ਿਕਾਇਤਾਂ 'ਤੇ ਸਮੱਸਿਆਵਾਂ ਦੇ ਹੱਲ ਲਈ ਬਣਾਇਆ ਗਿਆ ਜੀ ਐਸ ਟੀ ਕੌਂਸਲ ਦਾ ਇਕ ਮੰਤਰੀ ਗਰੁੱਪ ਫਾਈਲਾਂ 'ਚ ਸਿਮਟ ਕੇ ਰਹਿ ਗਿਆ ਹੈ।

ਕੇਂਦਰੀ ਵਿੱਤ ਰਾਜ ਮੰਤਰੀ ਸ਼ਿਵ ਪ੍ਰਤਾਪ ਸ਼ੁਕਲਾ ਦੀ ਪ੍ਰਧਾਨਗੀ ਹੇਠਲੇ ਇਸ ਗਰੁੱਪ ਆਫ ਮਨਿਸ਼ਟਰਜ਼ (ਜੀ ਓ ਐਮ) ਨੇ ਦੋ ਮਹੀਨੇ 'ਚ ਰਿਪੋਰਟ ਦੇਣੀ ਸੀ, ਪਰ ਉਨ੍ਹਾਂ ਹਾਲੇ ਤੱਕ ਇਸ ਦੀ ਬੈਠਕ ਬੁਲਾਉਣੀ ਵੀ ਯੋਗ ਨਹੀਂ ਸਮਝੀ। ਇਸ ਜੀ ਓ ਐਮ ਨੂੰ ਕੌਂਸਲ ਦੀ ਤਿੰਨ ਕਮੇਟੀਆਂ ਫਿਟਮੈਂਟ ਕਮੇਟੀ, ਲਾਅ ਕਮੇਟੀ ਤੇ ਆਈ ਜੀ ਕਮੇਟੀ ਦੀਆਂ ਸਿਫਾਰਿਸ਼ਾਂ 'ਤੇ ਵਿਚਾਰ ਕਰਕੇ ਸਿਫਾਰਸ਼ਾਂ ਪੇਸ਼ ਕਰਨੀਆਂ ਸਨ। ਸ਼ੁਕਲਾ ਦੀ ਪ੍ਰਧਾਨਗੀ ਵਾਲੇ ਇਸ ਮੰਤਰੀ ਗਰੁੱਪ 'ਚ ਪੰਜ ਸੂਬਿਆਂ ਦੇ ਵਿੱਤ ਮੰਤਰੀ ਵੀ ਸ਼ਾਮਲ ਸਨ। ਪਿੱਛਲੇ ਵਿੱਤ ਮੰਤਰੀ ਪੀਯੂਸ਼ ਗੋਇਲ ਦੀ ਪ੍ਰਧਾਨਗੀ 'ਚ ਚਾਰ ਅਗਸਤ ਨੂੰ ਜੀ ਐਸ ਟੀ ਕੌਂਸਲ ਦੀ ਬੈਠਕ 'ਚ ਇਸ ਮੰਤਰੀ ਗਰੁੱਪ ਦੇ ਗਠਨ ਦਾ ਫੈਸਲਾ ਕੀਤਾ ਗਿਆ ਸੀ। ਕੌਂਸਲ ਕੋਲ ਵੱਡੀ ਤਾਦਾਦ 'ਚ ਐਮ ਐਸ ਐਮ ਈ ਨੇ ਆਪਣੀਆਂ ਸ਼ਿਕਾਇਤਾਂ ਤੇ ਸਮੱਸਿਆਵਾਂ ਭੇਜੀਆਂ ਸਨ। ਉਨ੍ਹਾਂ ਨੂੰ ਆਸ ਸੀ ਕਿ ਜੀ ਐਸ ਟੀ ਬਾਰੇ ਉਨ੍ਹਾਂ ਦੀ ਸ਼ਿਕਾਇਤ ਦੂਰ ਹੋ ਜਾਵੇਗੀ। ਇਸ ਮਗਰੋਂ ਕੌਂਸਲ ਨੇ 14 ਅਗਸਤ ਨੂੰ ਇਹ ਮੰਤਰੀ ਗਰੁੱਪ ਬਣਾ ਦਿੱਤਾ।

ਜੀ ਓ ਐਮ ਦੀ ਬੈਠਕ ਕਿਉਂ ਨਹੀਂ ਬੁਲਾਈ ਗਈ, ਇਸ ਬਾਰੇ ਅਧਿਕਾਰਿਕ ਤੌਰ 'ਤੇ ਕੁਝ ਨਹੀਂ ਕਿਹਾ ਗਿਆ, ਪਰ ਸੂਤਰਾਂ ਦਾ ਕਹਿਣਾ ਹੈ ਕਿ ਐਮ ਐਸ ਐਮ ਈ ਦੇ ਮੁੱਦੇ 'ਤੇ ਮੰਤਰੀ ਗਰੁੱਪ ਦੇ ਪ੍ਰਧਾਨ ਉਦਾਸੀਨ ਰਵੱਈਏ ਕਾਰਨ ਅਜਿਹਾ ਹੋਇਆ। ਇਸ ਬਾਰੇ ਸ਼ੁਕਲਾ ਦੀ ਪ੍ਰਤੀਕਿਰਿਆ ਤਾਂ ਉਪਲਬਧ ਨਹੀਂ ਹੋਈ, ਪਰ ਵਿੱਤ ਮੰਤਰਾਲੇ ਤੇ ਜੀ ਐਸ ਟੀ ਕੌਂਸਲ ਦੇ ਸੂਤਰਾਂ ਨੇ ਮੰਨਿਆ ਕਿ ਹੁਣ ਤੱਕ ਜੀ ਓ ਐਮ ਦੀ ਬੈਠਕ ਨਹੀਂ ਹੋਈ ਹੈ। ਜ਼ਿਕਰ ਯੋਗ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦੋ ਨਵੰਬਰ ਨੂੰ ਐਮ ਐਸ ਐਮ ਈ ਲਈ ਦਰਜ ਭਰ ਐਲਾਨ ਕੀਤੇ ਸਨ। ਨਾਲ ਹੀ ਉਨ੍ਹਾਂ ਦੇਸ਼ ਦੇ 100 ਜ਼ਿਲਿਆਂ 'ਚ ਐਮ ਐਸ ਐਮ ਈ ਦੀ ਸਹੂਲਤ ਲਈ ਵਿਸ਼ੇਸ਼ ਮੁਹਿੰਮ ਸ਼ੁਰੂ ਕਰਨ ਦਾ ਐਲਾਨ ਕਰਦੇ ਹੋਏ ਕਿਹਾ ਸੀ ਕਿ ਉਹ ਖੁਦ ਇਸ ਦੀ ਨਿਗਰਾਨੀ ਕਰਨਗੇ। ਅਜਿਹੇ ਵਿੱਚ ਜੀ ਐਸ ਟੀ ਕੌਂਸਲ ਦੇ ਜੀ ਓ ਐਮ ਵੱਲੋਂ ਐਮ ਐਸ ਐਮ ਈ ਦੀਆਂ ਸਮੱਸਿਆਵਾਂ 'ਤੇ ਵਿਚਾਰ ਕਰਨ ਲਈ ਕੋਈ ਬੈਠਕ ਤੱਕ ਨਾ ਬੁਲਾਉਣਾ ਸਵਾਲ ਖੜੇ ਕਰਦਾ ਹੈ।

## 26 ਜਨਵਰੀ ਨੂੰ ਦੱਖਣ ਅਫਰੀਕੀ ਰਾਸ਼ਟਰਪਤੀ ਭਾਰਤ ਦੇ ਖਾਸ ਮਹਿਮਾਨ ਬਣਨਗੇ

ਨਵੀਂ ਦਿੱਲੀ, 15 ਨਵੰਬਰ (ਪੋਸਟ ਬਿਊਰੋ)- ਭਾਰਤ ਨੇ ਆਉਣ ਵਾਲੇ ਗਣਤੰਤਰ ਦਿਹਾੜੇ ਦੀਆਂ ਤਿਆਰੀਆਂ ਸ਼ੁਰੂ ਕਰ ਲਈਆਂ ਹਨ। ਇਸ 'ਚ ਖਾਸ ਗੱਲ ਇਹ ਪਤਾ ਲੱਗੀ ਹੈ ਕਿ ਇਸ ਸਮਾਗਮ 'ਚ ਮੁੱਖ ਮਹਿਮਾਨ ਵਜੋਂ ਪਹਿਲਾਂ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਸੱਦਾ ਦਿਤਾ ਗਿਆ ਸੀ, ਪਰ ਕਿਸੇ ਕਾਰਨ ਟਰੰਪ ਨੇ ਭਾਰਤ 'ਚ ਗਣਤੰਤਰ ਦਿਹਾੜੇ ਮੌਕੇ ਆਉਣ ਤੋਂ ਇਨਕਾਰ ਦਿਤਾ ਤੇ ਭਾਰਤ ਨੇ ਨਵਾਂ ਖਾਸ ਮਹਿਮਾਨ ਚੁਣ ਲਿਆ ਹੈ।

ਪਤਾ ਲੱਗਾ ਹੈ ਕਿ ਇਸ ਦੇ ਬਾਅਦ ਡੋਨਾਲਡ ਟਰੰਪ ਦੀ ਥਾਂ ਦੱਖਣੀ ਅਫਰੀਕੀ ਰਾਸ਼ਟਰਪਤੀ ਸਿਰਿਲ ਰਾਮਾਫੋਸਾ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਣਗੇ। ਇਹੀ ਨਹੀਂ ਇਸ ਤੋਂ ਇਲਾਵਾ ਹੋਰ ਵੀ ਚਾਰ ਨਾਵਾਂ ਉਤੇ ਵੀ ਚਰਚਾ ਕੀਤੀ ਜਾ ਰਹੀ ਹੈ। ਇਸ ਤੋਂ ਪਹਿਲਾਂ ਭਾਰਤ ਦੇ 70ਵੇਂ ਗਣਤੰਤਰ ਦਿਹਾੜੇ ਉਤੇ ਟਰੰਪ ਨਾਲ ਵ੍ਹਾਈਟ ਹਾਊਸ ਸੰਪਰਕ ਕੀਤਾ ਗਿਆ ਸੀ, ਪਰ ਅਪਣੇ ਕੰਮਾਂ 'ਚ ਰੁਝੇਵੇਂ ਕਰਕੇ ਉਹ ਇਸ ਸਮਾਗਮ ਦਾ ਹਿੱਸਾ ਨਹੀਂ ਬਣ ਸਕਦੇ। ਵਰਨਣ ਯੋਗ ਹੈ ਕਿ ਇਸ ਤੋਂ ਇਲਾਵਾ ਭਾਰਤ, ਅਫਰੀਕੀ ਦੇਸ਼ਾਂ ਨਾਲ ਲਗਾਤਾਰ ਰਿਸ਼ਤੇ ਮਜਬੂਰ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਭਾਰਤ ਅਫਰੀਕੀ ਦੇਸ਼ਾਂ 'ਚ ਕਈ ਕੰਮਾਂ ਲਈ 8 ਅਰਬ ਡਾਲਰ ਦਾ ਨਿਵੇਸ਼ ਕਰ ਚੁੱਕਿਆ ਹੈ।

# ਨਸ਼ੇ ਵਿੱਚ ਧੁੱਤ ਮਹਿਲਾ ਯਾਤਰੀ ਨੇ ਕੀਤਾ ਜਹਾਜ਼ ਵਿੱਚ ਹੰਗਾਮਾ

ਮੁੰਬਈ, 15 ਨਵੰਬਰ (ਪੋਸਟ ਬਿਊਰੋ)- ਏਅਰ ਇੰਡੀਆ ਦੀ ਮੁੰਬਈ ਤੋਂ ਲੰਡਨ ਚੱਲੀ ਇੰਟਰਨੈਸ਼ਨਲ ਫਲਾਈਟ ਵਿੱਚ ਨਸ਼ੇ ਵਿੱਚ ਧੁੱਤ ਇੱਕ ਵਿਦੇਸ਼ੀ ਮਹਿਲਾ ਯਾਤਰੀ ਨੇ ਖੂਬ ਹੰਗਾਮਾ ਕੀਤਾ। ਜਹਾਜ਼ ਦੇ ਕਰਮਚਾਰੀ ਦੇ ਹੋਰ ਸ਼ਰਾਬ ਦੇਣ ਤੋਂ ਇਨਕਾਰ ਕਰਨ 'ਤੇ ਉਸ ਦਾ ਗੁੱਸਾ ਹੋ ਭੜਕ ਗਿਆ ਤੇ ਕਰਮਚਾਰੀ ਨੂੰ ਗਾਲਾਂ ਕੱਢੀਆਂ ਤੇ ਹੱਥੋਪਾਈ ਕੀਤੀ।

ਇਸ ਸੰਬੰਧ ਵਿੱਚ ਏਅਰ ਇੰਡੀਆ ਨੇ ਮਹਿਲਾ ਯਾਤਰੀ ਦੇ ਖਿਲਾਫ ਪੁਲਸ ਵਿੱਚ ਸ਼ਿਕਾਇਤ ਦਿੱਤੀ ਹੈ। ਸੂਤਰਾਂ ਦੇ ਮੁਤਾਬਕ ਮਾਮਲਾ ਨੋਟਿਸ ਵਿੱਚ ਲਿਆਂਦੇ ਜਾਣ ਦੇ ਬਾਅਦ ਜਹਾਜ਼ ਕੰਪਨੀ ਦੇ ਚੇਅਰਮੈਨ ਅਤੇ ਮੈਨੇਜਿੰਗ ਡਾਇਰੈਕਟਰ ਨੇ ਸਮੁੱਚੇ ਮਾਮਲੇ ਦੀ ਰਿਪੋਰਟ ਮੰਗੀ ਹੈ। ਇਹ ਘਟਨਾ 10 ਨਵੰਬਰ ਦੀ ਦੱਸੀ ਗਈ ਹੈ, ਜਦ ਏਅਰ ਇੰਡੀਆ ਦੀ ਫਲਾਈਟ ਮੁੰਬਈ ਤੋਂ ਲੰਡਨ ਜਾ ਰਹੀ ਸੀ। ਜਹਾਜ਼ ਦੇ ਇੱਕ ਕਰਮਚਾਰੀ ਵੱਲੋਂ ਰਿਕਾਰਡ ਕੀਤੀ ਵੀਡੀਓ ਕਲਿਪ ਵਿੱਚ ਬਿਜ਼ਨਸ ਕਲਾਸ ਵਿੱਚ ਯਾਤਰਾ ਕਰ ਰਹੀ ਮਹਿਲਾ ਨੂੰ ਕਈ ਵਾਰ ਗਾਲ੍ਹਾਂ ਕੱਢਦੇ ਸੁਣਿਆ ਜਾ ਸਕਦਾ ਹੈ। ਪਤਾ ਲੱਗਾ ਹੈ ਕਿ ਮਹਿਲਾ ਦਾ ਗੁੱਸਾ ਓਦੋਂ ਹੋਰ ਭੜਕ ਗਿਆ ਜਦ ਉਸ ਨੂੰ ਕਰਮਚਾਰੀ ਨੇ ਹੋਰ ਵਾਈਨ ਦੇਣ ਤੋਂ ਇਨਕਾਰ ਕਰ ਦਿੱਤਾ। ਇਸ ਦੇ ਬਾਅਦ ਨਾ ਕੇਵਲ ਕਰਮਚਾਰੀ ਨੂੰ ਗਾਲ੍ਹਾਂ ਕੱਢੀਆਂ, ਸਗੋਂ ਹੱਥੋਪਾਈ ਵੀ ਕੀਤੀ। ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੇ ਵੀਡੀਓ ਵਿੱਚ ਮਹਿਲਾ ਕਹਿ ਰਹੀ ਹੈ, "ਮੈਂ ਤੁਹਾਡੇ ਸਾਰਿਆਂ ਲਈ ਕੰਮ ਕਰਦੀ ਹਾਂ।

# ਅੰਤਰਰਾਸ਼ਟਰੀ ਅਥਲੀਟ ਪਰਵਿੰਦਰ ਨੇ ਖੁਦਕੁਸ਼ੀ ਕਰ ਲਈ

ਨਵੀਂ ਦਿੱਲੀ, 15 ਨਵੰਬਰ (ਪੋਸਟ ਬਿਊਰੋ)- ਅੰਤਰਰਾਸ਼ਟਰੀ ਅਥਲੀਟ ਪਰਵਿੰਦਰ ਚੌਧਰੀ ਨੇ ਦਿੱਲੀ ਦੇ ਜਵਾਹਰ ਲਾਲ ਨਹਿਰੂ ਸਟੇਡੀਅਮ ਦੇ ਹੋਸਟਲ ਵਿੱਚ ਫਾਹਾ ਲਗਾ ਕੇ ਜਾਨ ਦੇ ਦਿੱਤੀ ਹੈ।

ਵਰਨਣ ਯੋਗ ਹੈ ਕਿ ਪਰਵਿੰਦਰ ਅਲੀਗੜ੍ਹ ਦਾ ਰਹਿਣ ਵਾਲਾ ਸੀ ਅਤੇ ਇਥੇ ਕੈਂਪ ਵਿੱਚ ਹਿੱਸਾ ਲੈਣ ਆਇਆ ਹੋਇਆ ਸੀ। 18 ਸਾਲ ਦੇ ਪਰਵਿੰਦਰ ਦੀ ਚੋਣ ਕੁਝ ਚਿਰ ਪਹਿਲਾਂ ਖੇਡਾਂ ਦੇ




ਕੋਟੇ ਵਿੱਚੋਂ ਹੋਈ ਸੀ। ਉਸ ਦੇ ਦੋਸਤਾਂ ਮੁਤਾਬਕ ਪਰਵਿੰਦਰ ਕਾਫੀ ਹਸਮੁਖ ਅਤੇ ਮਿਲਣਸਾਰ ਸੁਭਾਅ ਦਾ ਸੀ। ਕਿਸੇ ਨੂੰ ਵੀ ਉਸ ਦੀ ਖੁਦਕੁਸ਼ੀ ਦਾ ਕਾਰਨ ਸਮਝ ਵਿੱਚ ਨਹੀਂ ਆ ਰਿਹਾ। ਪੁਲਸ ਨੇ ਕਮਰੇ ਨੂੰ ਸੀਲ ਕਰ ਕੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਭਾਰਤੀ ਖੇਡ ਅਥਾਰਟੀ ਮੁਤਾਬਕ ਕੱਲ੍ਹ ਸਵੇਰੇ ਪਰਵਿੰਦਰ ਚੌਧਰੀ ਦੀ ਆਪਣੇ ਪਿਤਾ ਨਾਲ ਕਿਸੇ ਮਾਮਲੇ ਦੇ ਸੰਬੰਧ ਵਿੱਚ ਗੱਲਬਾਤ ਹੋਈ ਸੀ। ਗੱਲਬਾਤ ਦੌਰਾਨ ਦੋਵਾਂ ਪਿਓ-ਪੁੱਤਰ ਵਿਚਕਾਰ ਕਿਸੇ ਗੱਲ ਤੇ ਵਿਵਾਦ ਹੋਇਆ ਦੱਸਿਆ ਜਾ ਰਿਹਾ ਹੈ।











# ਉਈਗਰ ਮੁਸਲਮਾਨਾਂ ਦੇ ਮੁੱਦੇ ਤੋਂ 15 ਦੇਸ਼ਾਂ ਵੱਲੋਂ ਚੀਨ ਨੂੰ ਘੇਰਨ ਦੀ ਤਿਆਰੀ

ਬੀਜਿੰਗ, 15 ਨਵੰਬਰ (ਪੋਸਟ ਬਿਊਰੋ)- ਚੀਨ ਦੇ ਸ਼ਿਨਜਿਆਂਗ ਖੇਤਰ 'ਚ ਉਈਗਰ ਮੁਸਲਮਾਨਾਂ ਦੇ ਮਨੁੱਖੀ ਅਧਿਕਾਰ ਉਲੰਘਣਾ ਦੇ ਮਾਮਲੇ 'ਤੇ ਅਮਰੀਕਾ ਅਤੇ 15 ਹੋਰ ਪੱਛਮੀ ਦੇਸ਼ ਬੀਜਿੰਗ ਨੂੰ ਘੇਰਨ ਨੂੰ ਤਿਆਰ ਹੋ ਰਹੇ ਹਨ।



ਮਿਲੀ ਜਾਣਕਾਰੀ ਅਨੁਸਾਰ ਕੈਨੇਡਾ ਦੀ ਅਗਵਾਈ ਵਿੱਚ 15 ਪੱਛਮੀ ਦੇਸ਼ਾਂ ਦੇ ਰਾਜਦੂਤਾਂ ਨੇ ਸ਼ਿਨਜਿਆਂਗ ਵਿੱਚ ਕਮਿਊਨਿਸਟ ਪਾਰਟੀ ਦੇ ਮੁਖੀ ਚੇਨ ਕਵਾਂਗੁਓ ਦੇ ਨਾਂ ਪੱਤਰ ਲਿਖ ਕੇ ਬੈਠਕ ਦੀ ਅਪੀਲ ਕੀਤੀ ਹੈ। ਬੈਠਕ ਦਾ ਮਕਸਦ ਉਈਗਰ ਮੁਸਲਮਾਨਾਂ ਦੇ ਮਨੁੱਖੀ ਅਧਿਕਾਰ ਉਲੰਘਣਾ 'ਤੇ ਸਪੱਸ਼ਟੀਕਰਨ ਦੀ ਮੰਗ ਕਰਨਾ ਹੈ। ਇਹ ਸਪੱਸ਼ਟ ਨਹੀਂ ਹੈ ਕਿ ਇਹ ਪੱਤਰ ਭੇਜ ਦਿੱਤਾ ਹੈ ਜਾਂ ਨਹੀਂ। ਇਸ ਮੁੱਦੇ ਤੇ ਅਮਰੀਕਾ 'ਚ ਹਾਕਮ ਅਤੇ ਵਿਰੋਧੀ ਪਾਰਟੀਆਂ ਦੇ ਦਰਜਨ ਤੋਂ ਵੱਧ ਸੈਨੇਟਰਾਂ ਅਤੇ 10 ਪਾਰਲੀਮੈਂਟ ਮੈਂਬਰਾਂ ਦੇ ਸ਼ਕਤੀਸ਼ਾਲੀ ਗਰੁੱਪ ਨੇ ਚੀਨ ਦੇ ਖ਼ਿਲਾਫ਼ ਬਿੱਲ ਪੇਸ਼ ਕੀਤੇ ਹਨ। ਇਨ੍ਹਾਂ 'ਚ ਚੀਨ ਖ਼ਿਲਾਫ਼ ਕੁਝ ਪਾਬੰਦੀ ਲਗਾਉਣ ਦੀ ਤਜਵੀਜ਼ ਕੀਤੀ ਗਈ ਹੈ।

ਅਗਸਤ ਵਿੱਚ ਯੂ ਐਨ ਦੀ ਮਨੁੱਖੀ ਅਧਿਕਾਰ ਕਮੇਟੀ ਨੇ ਕਿਹਾ ਸੀ ਕਿ ਉਸ ਨੂੰ ਕਈ ਭਰੋਸੇ ਯੋਗ ਰਿਪੋਰਟਾਂ ਮਿਲੀਆਂ ਹਨ ਜਿਨ੍ਹਾਂ ਮੁਤਾਬਕ ਚੀਨ 'ਚ 10 ਲੱਖ ਤੋਂ ਜ਼ਿਆਦਾ ਉਈਗਰ ਮੁਸਲਮਾਨਾਂ ਨੂੰ ਬਹੁਤ ਗੁਪਤ ਤਰੀਕੇ ਨਾਲ ਵੱਡੇ ਨਜ਼ਰਬੰਦ ਕੈਂਪਾਂ 'ਚ ਰੱਖਿਆ ਗਿਆ ਹੈ। ਇਸ ਪਿੱਛੋਂ ਚੀਨ ਮਨੁੱਖੀ ਅਧਿਕਾਰ ਵਰਕਰਾਂ, ਸਿੱਖਿਆ ਮਾਹਿਰਾਂ ਅਤੇ ਵਿਦੇਸ਼ੀ ਸਰਕਾਰਾਂ ਦੇ ਨਿਸ਼ਾਨੇ 'ਤੇ ਹੈ। ਰਾਜਦੂਤਾਂ ਵੱਲੋਂ ਲਿਖੇ ਪੱਤਰ ਦੇ ਖਰੜੇ ਮੁਤਾਬਕ ਇਸ ਨੂੰ ਸਿੱਧੇ ਚੇਨ ਕਵਾਂਗੁਓ ਨੂੰ ਸੰਬੋਧਨ ਕੀਤਾ ਗਿਆ ਹੈ। ਚੇਨ ਖੇਤਰ ਦੇ ਉਈਗਰ ਗਵਰਨਰ ਸ਼ੌਹਰਤ ਜ਼ਾਕਿਰ ਤੋਂ ਅਹੁਦੇ ਵਿੱਚ ਵੱਡੇ ਹਨ। ਪੱਤਰ 'ਚ ਰਾਜਦੂਤਾਂ ਨੇ ਸ਼ਿਨਜਿਆਂਗ ਖੇਤਰ ਬਾਰੇ ਯੂ ਐਨ ਰਿਪੋਰਟ 'ਤੇ ਚਿੰਤਾ ਪ੍ਰਗਟ ਕੀਤੀ ਹੈ। ਪੱਤਰ ਮੁਤਾਬਕ ਸਥਿਤੀ ਨੂੰ ਬਿਹਤਰ ਤਰੀਕੇ ਨਾਲ ਸਮਝਣ ਅਤੇ ਆਪਣੀਆਂ ਚਿੰਤਾਵਾਂ 'ਤੇ ਚਰਚਾ ਲਈ ਅਸੀਂ ਤੁਹਾਡੇ ਲਈ ਤੁਹਾਡੀ ਸਹੂਲਤ ਮੁਤਾਬਕ ਬੈਠਕ ਕਰਨ ਦੀ ਅਪੀਲ ਕਰਦੇ ਹਾਂ। ਇਸ ਦੀ ਕਾਪੀ ਚੀਨ ਦੇ ਵਿਦੇਸ਼ ਮੰਤਰਾਲੇ, ਲੋਕ ਸੁਰੱਖਿਆ ਮੰਤਰਾਲੇ ਅਤੇ ਕਮਿਊਨਿਸਟ ਪਾਰਟੀ ਦੇ ਕੌਮਾਂਤਰੀ ਵਿਭਾਗ ਨੂੰ ਲਿਖੀ ਗਈ ਹੈ। ਪੱਤਰ 'ਤੇ ਕੈਨੇਡਾ ਦੇ ਇਲਾਵਾ ਬ੍ਰਿਟੇਨ, ਫਰਾਂਸ, ਸਵਿਟਜ਼ਰਲੈਂਡ, ਯੂਰਪੀ ਯੂਨੀਅਨ, ਜਰਮਨੀ, ਨੀਦਰਲੈਂਡ, ਆਸਟਰੇਲੀਆ, ਆਇਰਲੈਂਡ, ਸਵੀਡਨ, ਬੈਲਜੀਅਮ, ਨਾਰਵੇ, ਐਸਟੋਨੀਆ, ਫਿਨਲੈਂਡ ਅਤੇ ਡੈਨਮਾਰਕ ਦੇ ਰਾਜਦੂਤਾਂ ਦੇ ਨਾਂ ਹਨ। ਇਸ ਦੌਰਾਨ ਅਮਰੀਕਾ ਵਿੱਚ ਹਾਕਮ ਰਿਪਬਲਿਕਨ ਪਾਰਟੀ ਅਤੇ ਵਿਰੋਧੀ ਡੈਮੋਕਰੇਟਿਕ ਪਾਰਟੀ ਦੇ ਦਰਜਨ ਤੋਂ ਵੱਧ ਸੈਨੇਟਰਾਂ ਦੇ ਇਕ ਸ਼ਕਤੀਸ਼ਾਲੀ ਗਰੁੱਪ ਨੇ ਸੈਨੇਟ 'ਚ ਅਤੇ 10 ਪਾਰਲੀਮੈਂਟ ਮੈਂਬਰਾਂ ਦੇ ਗਰੁੱਪ ਨੇ ਹਾਊਸ ਆਫ਼ ਰਿਪਰਜ਼ੈਂਟੇਟਿਵ 'ਚ ਚੀਨ ਦੇ ਖ਼ਿਲਾਫ਼ ਬਿੱਲ ਪੇਸ਼ ਕੀਤੇ ਹਨ। ਇਨ੍ਹਾਂ ਵਿੱਚ ਚੀਨ ਉਤੇ ਅਮਰੀਕੀ ਖੇਤਰ 'ਚ ਅਮਰੀਕੀ ਨਾਗਰਿਕਾਂ ਅਤੇ ਕਾਨੂੰਨੀ ਤੌਰ 'ਤੇ ਸਥਾਨਕ ਨਾਗਰਿਕਾਂ ਨੂੰ ਧਮਕਾਉਣ ਦਾ ਦੋਸ਼ ਲੱਗਾ ਗਿਆ ਹੈ। ਸੈਨੇਟਰ ਬੌਬ ਮੈਨੇਂਨਡੇਜ਼ ਨੇ ਕਿਹਾ ਕਿ ਉਈਗਰ ਮੁਸਲਮਾਨਾਂ ਦੇ ਨਾਲ ਚੀਨ ਦਾ ਸਲੂਕ ਨਫ਼ਰਤ ਵਾਲਾ ਹੈ। ਉਨ੍ਹਾਂ ਕਿਹਾ ਕਿ ਰਾਸ਼ਟਰਪਤੀ ਟਰੰਪ ਨੂੰ ਚੀਨ ਦੇ ਪ੍ਰਤੀ ਰੁਖ਼ ਸਾਫ਼ ਅਤੇ ਇਕੋ ਜਿਹਾ ਰੱਖਣਾ ਚਾਹੀਦਾ ਹੈ ਅਤੇ ਇਸ ਗੱਲ ਦੀ ਅਣਦੇਖੀ ਨਹੀਂ ਕਰਨੀ ਚਾਹੀਦੀ ਕਿ ਨਿਰੰਕੁਸ਼ ਸ਼ਾਸਨ ਹੇਠ ਲੱਖਾਂ ਮੁਸਲਮਾਨਾਂ ਨੂੰ ਅਨਿਆਂ ਪੂਰਣ ਬੰਦੀ ਬਣਾਇਆ ਗਿਆ ਅਤੇ ਉਨ੍ਹਾਂ ਨੂੰ ਜ਼ਬਰਦਸਤੀ ਮਜ਼ਦੂਰ ਕੈਂਪਾਂ 'ਚ ਰੱਖਿਆ ਗਿਆ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਦੀ ਇਸੇ ਮਹੀਨੇ ਦੇ ਅਖੀਰ 'ਚ ਅਰਜਨਟੀਨਾ 'ਚ ਜੀ-20 ਸੰਮੇਲਨ ਤੋਂ ਹੱਟ ਕੇ ਮੁਲਾਕਾਤ ਹੋਣੀ ਹੈ।

# ਟਰੰਪ ਨੇ ਭਾਰਤਵੰਸ਼ੀ ਨਿਓਮੀ ਰਾਓ ਨੂੰ ਜੱਜ ਨਾਮਜ਼ਦ ਕੀਤਾ

ਵਾਸ਼ਿੰਗਟਨ, 15 ਨਵੰਬਰ (ਪੋਸਟ ਬਿਊਰੋ)- ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਕ ਅਪੀਲ ਕੋਰਟ 'ਚ ਖਾਲੀ ਹੋਏ ਜੱਜ ਦੇ ਅਹੁਦੇ ਉੱਤੇ ਨਿਯੁਕਤੀ ਲਈ ਭਾਰਤੀ ਮੂਲ ਦੀ ਨਿਓਮੀ ਰਾਓ ਨੂੰ ਨਾਮਜ਼ਦ ਕੀਤਾ ਹੈ। ਇਹ ਅਹੁਦਾ ਅਪੀਲ ਕੋਰਟ ਦੇ ਜੱਜ ਬ੍ਰੈਟ ਕੈਵਨਾਘ ਦੀ ਸੁਪਰੀਮ ਕੋਰਟ 'ਚ ਨਿਯੁਕਤੀ ਦੇ ਬਾਅਦ ਖਾਲੀ ਹੋਇਆ ਹੈ। ਵ੍ਹਾਈਟ ਹਾਊਸ 'ਚ ਬੀਤੇ ਦਿਨੀਂ ਮਨਾਏ ਗਏ ਦੀਵਾਲੀ ਸਮਾਗਮ ਮੌਕੇ ਟਰੰਪ ਨੇ 45 ਸਾਲਾ ਰਾਓ ਨੂੰ ਵਾਸ਼ਿੰਗਟਨ ਡੀ ਸੀ ਦੇ ਸਰਕਟ ਕੋਰਟ ਦੇ ਜੱਜ ਦੇ ਤੌਰ 'ਤੇ ਨਾਮਜ਼ਦ ਕਰਨ ਦਾ ਐਲਾਨ ਕੀਤਾ। ਅਮਰੀਕਾ 'ਚ ਸੁਪਰੀਮ ਕੋਰਟ ਦੇ ਬਾਅਦ ਇਸ ਅਦਾਲਤ ਨੂੰ ਸਭ ਤੋਂ ਸ਼ਕਤੀਸ਼ਾਲੀ ਮੰਨਿਆ ਜਾਂਦਾ ਹੈ। ਰਾਓ ਦੇ ਨਾਂ ਉੱਤੇ ਸੈਨੇਟ ਦੀ ਮੋਹਰ ਲੱਗਣ 'ਤੇ ਉਹ ਇਸ ਪ੍ਰਭਾਵਸ਼ਾਲੀ ਕੋਰਟ 'ਚ ਨਿਯੁਕਤੀ ਲੈਣ ਵਾਲੀ ਦੂਜੀ ਭਾਰਤਵੰਸ਼ੀ ਹੋਵੇਗੀ। ਇਸ ਤੋਂ ਪਹਿਲਾਂ ਇਸ ਕੋਰਟ 'ਚ ਸ੍ਰੀਨਿਵਾਸਨ ਨੂੰ ਓਬਾਮਾ ਪ੍ਰਸ਼ਾਸਨ ਦੌਰਾਨ ਨਿਯੁਕਤ ਕੀਤਾ ਗਿਆ ਸੀ।



ਰਾਓ ਨੂੰ ਨਾਮਜ਼ਦ ਕਰਨ ਦਾ ਐਲਾਨ ਕਰਦੇ ਹੋਏ ਟਰੰਪ ਨੇ ਕਿਹਾ ਕਿ ਉਹ ਖਾਸ ਬਣਨ ਜਾ ਰਹੇ ਹਨ। ਰਾਓ ਨੇ ਰਾਸ਼ਟਰਪਤੀ ਦਾ ਧੰਨਵਾਦ ਕੀਤਾ। ਰਾਓ ਇਸ ਸਮੇਂ ਸੂਚਨਾ ਤੇ ਰੈਗੂਲੇਟਰੀ ਮਾਮਲਿਆਂ ਦੇ ਦਫਤਰ ਦੀ ਪ੍ਰਸ਼ਾਸਕ ਹੈ। ਇਸ ਅਹੁਦੇ 'ਤੇ ਉਨ੍ਹਾਂ ਦੀ ਨਿਯੁਕਤੀ 'ਤੇ ਜੁਲਾਈ, 2017 'ਚ ਸੈਨੇਟ ਨੇ 41 ਦੇ ਮੁਕਾਬਲੇ 54 ਵੋਟਾਂ ਨਾਲ ਮੋਹਰ ਲਾਈ ਸੀ। ਉਹ ਸੁਪਰੀਮ ਕੋਰਟ ਦੇ ਜੱਜ ਕਲੇਰੈਂਸ ਥਾਮਸ ਦੀ ਕਲਰਕ ਵੀ ਰਹਿ ਚੁੱਕੀ ਹੈ।

# ਪੀੜ੍ਹੀ-ਦਰ-ਪੀੜ੍ਹੀ ਇਨਸਾਨ ਦੀ ਉਮਰ ਵਧਣ ਲੱਗੀ

ਬੋਸਟਨ, 15 ਨਵੰਬਰ (ਪੋਸਟ ਬਿਊਰੋ)- ਇਨਸਾਨ ਦੀ ਉਮਰ ਪੀੜ੍ਹੀ-ਦਰ-ਪੀੜ੍ਹੀ ਵਧ ਰਹੀ ਹੈ। ਹਰ ਪੀੜ੍ਹੀ ਦੀ ਉਮਰ ਪਿਛਲੀ ਪੀੜ੍ਹੀ ਨਾਲੋਂ ਕਰੀਬ ਤਿੰਨ ਸਾਲ ਵੱਧ ਹੈ। ਅੱਗੇ ਵੀ ਅਜਿਹੀ ਸੂਚੀ ਬਣੇ ਰਹਿਣ ਦੀ ਆਸ ਹੈ।



ਅਮਰੀਕਾ ਦੀ ਸਟੈਨਫੋਰਡ ਯੂਨੀਵਰਸਿਟੀ ਵਿੱਚ ਹੋਏ ਅਧਿਐਨ ਵਿੱਚ ਇਹ ਗੱਲ ਸਾਹਮਣੇ ਆਈ ਹੈ। ਖੋਜਕਾਰਾਂ ਨੇ ਪਿਛਲੇ 50 ਸਾਲ ਦੇ ਅੰਕੜਿਆਂ ਦਾ ਅਧਿਐਨ ਕੀਤਾ ਅਤੇ ਇਸ ਵਿੱਚ ਪਾਇਆ ਕਿ ਜੋ ਲੋਕ 65 ਸਾਲ ਦੀ ਉਮਰ ਪਾਰ ਕਰ ਲੈਂਦੇ ਹਨ, ਉਨ੍ਹਾਂ ਦੀ ਉਮਰ ਉਨ੍ਹਾਂ ਦੇ ਮਾਤਾ-ਪਿਤਾ ਦੇ ਨਾਲੋਂ ਵੱਧ ਰਹਿੰਦੀ ਹੈ। ਸਟੈਨਫੋਰਡ ਯੂਨੀਵਰਸਿਟੀ ਦੇ ਪ੍ਰੋਫੈਸਰ ਸ੍ਰੀਪਦ ਤੁਲਜਾਪੁਰਕਰ ਨੇ ਕਿਹਾ ਕਿ ਅੰਕੜੇ ਦੱਸਦੇ ਹਨ ਕਿ ਉਮਰ ਵਧ ਰਹੀ ਹੈ ਅਤੇ ਇਸ ਸੂਚੀ ਵਿੱਚ ਕੋਈ ਬਦਲਾਅ ਹੁੰਦਾ ਵੀ ਨਹੀਂ ਦਿੱਸ ਰਿਹਾ। ਉਮਰ ਦੀ ਕੋਈ ਵੱਧ ਤੋਂ ਵੱਧ ਸੀਮਾ ਫਿਲਹਾਲ ਨਹੀਂ ਦਿਖਾਈ ਦੇ ਰਹੀ। ਪਹਿਲਾਂ ਦੇ ਕੁਝ ਅਧਿਐਨਾਂ ਵਿੱਚ ਕਿਹਾ ਗਿਆ ਸੀ ਕਿ ਇਨਸਾਨ ਉਮਰ ਦੀ ਆਖਰੀ ਸੀਮਾ ਵੱਲ ਵਧ ਰਿਹਾ ਹੈ। ਨਵੀਂ ਖੋਜ ਵਿੱਚ ਇਸ ਗੱਲ ਨੂੰ ਰੱਦ ਕੀਤਾ ਗਿਆ ਹੈ। ਜਰਨਲ ਪੀ ਐੱਨ ਏ ਐੱਸ ਵਿੱਚ ਛਪੇ ਇਸ ਅਧਿਐਨ ਦੇ ਲਈ 1960 ਤੋਂ 2010 ਦੇ ਵਿਚਕਾਰ ਦੇ ਅਜਿਹੇ ਲੋਕਾਂ ਦੇ ਜਨਮ ਅਤੇ ਮੌਤ ਦਾ ਆਂਕੜਾ ਇਕੱਠਾ ਕੀਤਾ ਗਿਆ, ਜਿਨ੍ਹਾਂ ਦੀ ਉਮਰ 65 ਸਾਲ ਤੋਂ ਜ਼ਿਆਦਾ ਸੀ। ਖੋਜ ਵਿੱਚ ਪਾਇਆ ਗਿਆ ਕਿ ਹਰ 25 ਸਾਲ ਵਿੱਚ ਅਜਿਹੇ ਲੋਕਾਂ ਦੀ ਵੱਧ ਤੋਂ ਵੱਧ ਔਸਤ ਉਮਰ ਤਿੰਨ ਸਾਲ ਤੱਕ ਵਧ ਜਾਂਦੀ ਹੈ। ਇਸ ਦਾ ਅਰਥ ਹੈ ਕਿ ਲੋਕ ਆਪਣੇ ਦਾਦਾ ਤੋਂ ਛੇ ਸਾਲ ਜ਼ਿਆਦਾ ਜਿਊਂਦੇ ਹਨ।

# ਸ੍ਰੀਲੰਕਾ ਪਾਰਲੀਮੈਂਟ ਨੇ ਰਾਜਪਕਸ਼ੇ ਵਿਰੁੱਧ ਬੇਭਰੋਸਗੀ ਮਤਾ ਪਾਸ ਕੀਤਾ

ਕੋਲੰਬੋ, 15 ਨਵੰਬਰ (ਪੋਸਟ ਬਿਊਰੋ)- ਰਾਸ਼ਟਰਪਤੀ ਮੈਤਰੀਪਾਲ ਸਿਰੀਸੇਨਾ ਵੱਲੋਂ ਬਣਾਏ ਗਏ ਪ੍ਰਧਾਨ ਮੰਤਰੀ ਮਹਿੰਦਾ ਰਾਜਪਕਸ਼ੇ ਖਿਲਾਫ ਕੱਲ੍ਹ ਸ੍ਰੀਲੰਕਾ ਦੀ ਪਾਰਲੀਮੈਂਟ ਨੇ ਬੇਭੋਰਸਗੀ ਮਤਾ ਪਾਸ ਕਰ ਦਿੱਤਾ ਹੈ।


ਮਹਿੰਦਾ ਰਾਜਪਕਸ਼ੇ

ਵਰਨਣ ਯੋਗ ਹੈ ਕਿ 25 ਅਕਤੂਬਰ ਨੂੰ ਰਾਸ਼ਟਰਪਤੀ ਸਿਰੀਸੇਨਾ ਵੱਲੋਂ ਰੇਨੀਲ ਵਿਕਰਮਾਸਿੰਘੇ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਤੋਂ ਹਟਾਏ ਜਾਣ ਮਗਰੋਂ ਕੱਲ੍ਹ ਪਹਿਲੀ ਵਾਰ ਪਾਰਲੀਮੈਂਟ ਦੀ ਮੀਟਿੰਗ ਹੋਈ ਸੀ। ਪਾਰਲੀਮੈਂਟ ਦੇ ਸਪੀਕਰ ਕਾਰੂ ਜੈਸੂਰਿਆ ਨੇ ਬਹੁਮਤ ਦੇ ਆਧਾਰ ਉੱਤੇ ਰਾਜਪਕਸ਼ੇ ਖਿਲਾਫ ਬੇਭਰੋਸੇਗੀ ਦੇ ਮਤੇ ਦਾ ਐਲਾਨ ਕਰ ਦਿੱਤਾ। ਰਾਜਪਕਸ਼ੇ ਦੇ ਹਮਾਇਤੀਆਂ ਦੇ ਵਿਰੋਧ ਵਿਚਾਲੇ ਜੈਸੂਰਿਆ ਨੇ ਐਲਾਨ ਕੀਤਾ, 'ਮੈਂਬਰਾਂ ਦੀ ਵੋਟ ਦੇ ਆਧਾਰ ਉਤੇ ਮੈਂ ਮੰਨਦਾ ਹਾਂ ਕਿ ਸਰਕਾਰ ਕੋਲ ਬਹੁਮਤ ਨਹੀਂ ਹੈ।' ਪਾਰਲੀਮੈਂਟ ਦੀ ਬੇਭਰੋਸਗੀ ਮਤੇ ਲਈ ਵੋਟਾਂ ਦੀ ਕਾਰਵਾਈ ਦੌਰਾਨ ਰਾਜਪਕਸ਼ੇ ਦੇ ਹਮਾਇਤੀਆਂ ਨੇ ਖੂਬ ਹੰਗਾਮਾ ਕੀਤਾ, ਜਿਸ ਮਗਰੋਂ ਜੈਸੂਰਿਆ ਨੇ ਸਦਨ ਦੀ ਕਾਰਵਾਈ ਮੁਲਤਵੀ ਕਰ ਦਿੱਤੀ। ਸਪੀਕਰ ਜੈਸੂਰਿਆ ਨੇ ਰਾਸ਼ਟਰਪਤੀ ਸਿਰੀਸੇਨਾ ਨੂੰ ਇਸ ਮੁੱਦੇ 'ਤੇ ਸੰਵਿਧਾਨਕ ਕਾਰਵਾਈ ਕਰਨ ਲਈ ਅਧਿਕਾਰਤ ਤੌਰ ਉੱਤੇ ਲਿਖਿਆ ਹੈ। ਪ੍ਰਧਾਨ ਮੰਤਰੀ ਰਾਜਪਕਸ਼ੇ ਤੇ ਉਸ ਦੀ ਵਜ਼ਾਰਤ ਦੇ ਖਿਲਾਫ ਪਾਸ ਹੋਏ ਬੇਭਰੋਸਗੀ ਮਤੇ ਦੀ ਕਾਪੀ, ਜਿਸ 'ਤੇ 122 ਪਾਰਲੀਮੈਂਟ ਮੈਂਬਰਾਂ ਨੇ ਦਸਤਖਤ ਕੀਤੇ ਹਨ, ਰਾਸ਼ਟਰਪਤੀ ਸਿਰੀਸੇਨਾ ਨੂੰ ਭੇਜ ਦਿੱਤੀ ਗਈ ਹੈ। ਸਪੀਕਰ ਦੇ ਦਫਤਰ ਨੇ ਦੱਸਿਆ ਕਿ ਸਪੀਕਰ ਨੇ ਰਾਸ਼ਟਰਪਤੀ ਨੂੰ ਅਗਲੀ ਸੰਵਿਧਾਨਕ ਕਾਰਵਾਈ ਕਰਨ ਦੀ ਅਪੀਲ ਕੀਤੀ ਹੈ। ਅਹੁਦੇ ਤੋਂ ਹਟਾਏ ਗਏ ਪ੍ਰਧਾਨ ਮੰਤਰੀ ਵਿਕਰਮਾਸਿੰਘੇ ਨੇ ਕਿਹਾ ਕਿ ਉਹ ਇਹ ਯਕੀਨੀ ਬਣਾਏ ਜਾਣ ਦੀ ਕੋਸ਼ਿਸ਼ ਕਰਨਗੇ ਕਿ 26 ਅਕਤੂਬਰ ਤੋਂ ਪਹਿਲਾਂ ਵਾਲੀ ਸਰਕਾਰ ਹੀ ਕਾਰਜਭਾਰ ਸੰਭਾਲੇ। ਵਿਕਰਮਾਸਿੰਘੇ ਦੀ ਯੂਨਾਈਟਿਡ ਨੈਸ਼ਨਲ ਪਾਰਟੀ ਦੇ ਉਪ ਆਗੂ ਸਜਿਤ ਪ੍ਰੇਮਦਾਸ ਨੇ ਕਿਹਾ ਹੈ ਕਿ ਪ੍ਰਧਾਨ ਮੰਤਰੀ ਰਾਜਪਕਸ਼ੇ ਨੂੰ ਆਪਣਾ ਅਹੁਦਾ ਛੱਡਣਾ ਪਵੇਗਾ, ਕਿਉਂਕਿ ਉਨ੍ਹਾਂ ਕੋਲ ਸੰਸਦ 'ਚ ਬਹੁਮਤ ਨਹੀਂ ਹੈ।

# ਪਾਕਿਸਤਾਨ ਵਿੱਚ 2.25 ਕਰੋੜ ਬੱਚੇ ਸਕੂਲ ਤੋਂ ਹਾਲੇ ਵੀ ਦੂਰ

ਇਸਲਾਮਾਬਾਦ, 15 ਨਵੰਬਰ (ਪੋਸਟ ਬਿਊਰੋ)- ਪਾਕਿਸਤਾਨ 'ਚ 2.25 ਕਰੋੜ ਬੱਚੇ ਹਾਲੇ ਵੀ ਸਕੂਲ ਨਹੀਂ ਜਾਂਦੇ। ਇਨ੍ਹਾਂ 'ਚ ਜ਼ਿਆਦਾਤਰ ਲੜਕੀਆਂ ਹਨ। ਕੌਮਾਂਤਰੀ ਮਨੁੱਖੀ ਅਧਿਕਾਰ ਸੰਸਥਾ ਹਿਊਮਨ ਰਾਈਟਸ ਵਾਚ (ਐਚ ਆਰ ਡਬਲਯੂ) ਦੀ ਇਕ ਰਿਪੋਰਟ 'ਚ ਇਹ ਜਾਣਕਾਰੀ ਸਾਹ-ਮਣੇ ਆਈ ਹੈ।



ਇਸ ਹਫਤੇ ਜਾਰੀ 'ਪਕਿਸਤਾਨ 'ਚ ਬਾਲਿਕਾ ਸਿੱਖਿਆ ਦੀਆਂ ਰੁਕਾਵਟਾਂ' ਸਿਰਲੇਖ ਵਾਲੀ ਰਿਪੋਰਟ 'ਚ ਕਿਹਾ ਗਿਆ ਹੈ ਕਿ ਪ੍ਰਾਇਮਰੀ ਸਕੂਲ ਨਾ ਜਾ ਸਕਣ ਵਾਲੇ ਬੱਚਿਆਂ 'ਚ 21 ਫੀਸਦੀ ਲੜਕਿਆਂ ਦੇ ਮੁਕਾਬਲੇ ਲੜਕੀਆਂ ਦੀ ਗਿਣਤੀ 32 ਫੀਸਦੀ ਹੈ। ਰਿਪਰੋਟ ਮੁਤਾਬਕ ਸਿੱਖਿਆ ਦੇ ਖੇਤਰ 'ਚ ਪਾਕਿਸਤਾਨ ਬਹੁਤ ਖਰਾਬ ਹਾਲਤ ਦੇ ਕਈ ਕਾਰਨ ਹਨ। ਇਨ੍ਹਾਂ 'ਚ ਸਰਕਾਰ ਵੱਲੋਂ ਸਿੱਖਿਆ ਖਰਚ ਦੇ ਇਲਾਵਾ ਸਿਆਸੀ ਕਮਜ਼ੋਰੀ, ਸਿਵਲ ਸੁਸਾਇਟੀ ਤੇ ਮੀਡੀਆ ਦਾ ਪੂਰੀ ਤਰ੍ਹਾਂ ਆਜ਼ਾਦ ਨਾ ਹੋਣਾ, ਹਿੰਸਾ ਨਾਲ ਭਰਿਆ ਮਾਹੌਲ ਅਤੇ ਸਮਾਜ 'ਚ ਧਾਰਮਿਕ ਅਤੇ ਨਸਲੀ ਤਣਾਅ ਸ਼ਾਮਲ ਹਨ।

ਐਚ ਆਰ ਡਬਲਯੂ ਮੁਤਾਬਕ ਸਿੱਖਿਆ ਅਤੇ ਵਿਕਾਸ ਉਤੇ ਹੋਏ 2015 ਦੇ ਓਸਲੋ ਸੰਮੇਲਨ ਵਿੱਚ ਪਾਕਿਸਤਾਨ ਨੂੰ ਸਿੱਖਿਆ ਦੇ ਖੇਤਰ 'ਚ ਸਭ ਤੋਂ ਨਿਰਾਸ਼ਜਨਕ ਪ੍ਰਦਰਸ਼ਨ ਕਰਨ ਵਾਲੇ ਦੇਸ਼ਾਂ 'ਚ ਰੱਖਿਆ ਗਿਆ ਸੀ। ਪਾਕਿਸਤਾਨ ਬਣਨ ਦੇ ਬਾਅਦ ਤੋਂ ਲੈ ਕੇ ਗਰੀਬੀ, ਅਨਪੜ੍ਹਤਾ ਅਤੇ ਬੇਰੁਜ਼ਗਾਰੀ ਦੀਆਂ ਅਲਾਮਤਾਂ ਤੋਂ ਛੁਟਕਾਰਾ ਨਹੀਂ ਹੋ ਸਕਿਆ।

# ਭਾਰਤੀ ਰੈਸਤਰਾਂ ਦੇ ਮਾਲਕ ਨੂੰ ਢਾਈ ਸਾਲ ਦੀ ਜੇਲ੍ਹ

ਆਕਲੈਂਡ, 15 ਨਵੰਬਰ (ਪੋਸਟ ਬਿਊਰੋ)- ਹੇਸਟਿੰਗਜ਼ ਸ਼ਹਿਰ ਵਿਖੇ ਇਕ ਇੰਡੀਅਨ ਰੈਸਤਰਾਂ ਦੇ ਮਾਲਕ ਰਾਕੇਸ਼ ਕੁਮਾਰ (56) ਨੂੰ ਟੈਕਸ ਹੇਰਾਫੇਰੀ ਲਈ ਹੇਸਟਿੰਗਜ਼ ਜ਼ਿਲਾ ਅਦਾਲਤ ਨੇ ਢਾਈ ਸਾਲ ਦੀ ਸਜ਼ਾ ਸੁਣਾਈ ਹੈ, ਪਰ ਉਸ ਦੀ ਅਣਜਾਣ ਬਣੀ ਪਤਨੀ ਨੂੰ ਪੰਜ ਮਹੀਨੇ ਘਰ ਨਜ਼ਰਬੰਦੀ ਦੀ ਸਜ਼ਾ ਅਤੇ 100 ਘੰਟੇ ਕਮਿਊਨਿਟੀ ਸੇਵਾ ਲਾਈ ਗਈ ਹੈ।

ਇਸ ਰੈਸਤਰਾਂ ਮਾਲਕ ਜੋੜੇ 'ਤੇ ਦੋਸ਼ ਸੀ ਕਿ ਇਨ੍ਹਾਂ ਨੇ ਹੇਰਾਫੇਰੀ ਕਰਕੇ ਟੈਕਸ ਵਿਭਾਗ ਨੂੰ 833,000 ਡਾਲਰ ਦਾ ਚੂਨਾ ਲਾਇਆ ਹੈ। ਇਹ ਜੋੜਾ ਆਪਣੇ ਬਿਜ਼ਨਸ ਨੂੰ ਘਾਟੇ 'ਚ ਦਿਖਾ ਰਿਹਾ ਸੀ, ਪਰ ਨਾਲੋ-ਨਾਲ ਬੈਂਕ ਵਿੱਚ ਨਕਦੀ ਜਮ੍ਹਾਂ ਕਰਵਾ ਰਿਹਾ ਸੀ। ਸਾਲ 2009 ਤੋਂ ਲੈ ਕੇ 2016 ਤੱਕ ਇਨ੍ਹਾਂ ਨੇ ਆਪਣੀ ਸਕੀਮ ਨਾਲ ਵੱਡੀ ਟੈਕਸ ਰਕਮ ਸਰਕਾਰ ਤੋਂ ਬਚਾਉਣ ਦੀ ਕੋਸ਼ਿਸ਼ ਕੀਤੀ। ਰਾਕੇਸ਼ ਕੁਮਾਰ ਦੀ ਪਤਨੀ ਨਲਿਨੀ ਕੁਮਾਰ ਨੇ ਜਾਅਲੀ ਜੀ ਐਸ ਟੀ ਅਤੇ ਪੀ ਏ ਵਾਈ ਈ 'ਤੇ ਵੀ ਦਸਤਖਤ ਕੀਤੇ ਅਤੇ 127,000 ਡਾਲਰ ਤੋਂ ਵੱਧ ਟੈਕਸ ਬਚਾਉਣ ਦੀ ਕੋਸ਼ਿਸ਼ ਕੀਤੀ। ਜੁਲਾਈ ਮਹੀਨੇ ਰਾਕੇਸ਼ ਕੁਮਾਰ ਅਜਿਹੇ ਤਿੰਨ ਦੋਸ਼ਾਂ ਲਈ ਦੋਸ਼ੀ ਸਾਬਤ ਹੋਇਆ ਸੀ, ਉਸ ਦੀ ਪਤਨੀ ਇਕ ਦੋਸ਼ ਲਈ ਦੋਸ਼ੀ ਸਾਬਤ ਹੋਈ ਸੀ, ਸੋ ਇਸ ਕਰਕੇ ਹੁਣ ਸਜ਼ਾ ਸੁਣਾਈ ਹੋਈ ਸੀ, ਇਸ ਕਰਕੇ ਸਜ਼ਾ ਸੁਣਾਈ ਗਈ ਹੈ। ਨਲਿਨੀ ਕੁਮਾਰ ਨੇ ਸਾਰਾ ਬਕਾਇਆ ਭਰ ਦਿੱਤਾ ਹੈ ਜਦ ਕਿ ਰਾਕੇਸ਼ ਕੁਮਾਰ ਨੇ 349,948 ਡਾਲਰ ਭਰੇ ਹਨ ਅਤੇ 483,346 ਡਾਲਰ ਬਕਾਇਆ ਹਨ। ਜੱਜ ਨੇ ਸਾਫ ਕਿਹਾ ਕਿ ਇਹ ਧੋਖਾਧੜੀ ਆਮਦਨ ਕਰਕੇ ਸਿਸਟਮ ਨੂੰ ਸੱਟ ਮਾਰਨ ਬਰਾਬਰ ਹੈ। ਕੰਪਨੀ ਵਿੱਚੋਂ ਨਲਿਨੀ ਦੀ ਤਨਖਾਹ ਸਿਰਫ 120 ਡਾਲਰ ਪ੍ਰਤੀ ਹਫਤਾ ਵਿਖਾਈ ਜਾਂਦੀ ਸੀ। ਜਿਸ ਵੇਲੇ ਰਾਕੇਸ਼ ਕੁਮਾਰ ਘਾਟੇ ਵਿਖਾ ਰਿਹਾ ਸੀ, ਉਸੇ ਸਮੇਂ ਉਹ ਵੱਖ-ਵੱਖ ਕੰਪਨੀਆਂ 'ਚ ਡਾਇਰੈਕਟਰ ਸੀ ਅਤੇ ਕੰਮਕਾਰ ਵਧਾ ਰਿਹਾ ਸੀ। ਉਸ ਨੇ ਰੈਸਤਰਾਂ ਤੋਂ ਇਲਾਵਾ ਡੇਅਰੀ ਸ਼ਾਪਾਂ, ਰੈਂਟਲ ਪ੍ਰਾਪਰਟੀਜ਼ ਅਤੇ ਹਾਰਟੀਕਲਚਰ ਵਿੱਚ ਵੀ ਨਿਵੇਸ਼ ਕੀਤਾ।



Honesty, Reliability, Commitment
HOMELIFE SILVERCITY
"Open House Until Sold"
○ 1 yr Home Warranty
○ Furniture & Home Appliances
○ Get 40% Discount on Brand Name
○ Free Evaluation & Lowest Commission
Hira Randhawa
Broker
www.hirarandhawa.com | hirarandhawa@yahoo.ca
For all your Needs Call: 416.319.0551 or 905.913.8585
SAVE SAVE SAVE ....$$$$$$
Super Visa Insurance
On affordable rates, pay in installments, full refund on early cancellation.
RESP
Act immediately to get 15% Extra govt. grant of Year 2018
Visitor/Travel/Life/ Disability/Funeral Insurance


A/Z Drivers Needed/ਡਰਾਈਵਰਾਂ ਦੀ ਲੋੜ

- Team Drivers Needed Immediately
- Dedicated AutoPart Runs To Texas, Missouri, Kansas
- Permanent Schedule for whole year
- Always Go to same Shippers No Waiting at All
- Highest Pay Rate Package Plus HST
- New Model Volvo Trucks
- Paid Every Week On Friday
- 20,000 to 24,00 Miles in a Month
- Always Home At Weekends
- Can Work From Brampton, Woodstock or London
- Autoparts ਦੇ ਡੇਡੀਕੇਟਡ ਰਨ ਵਾਸਤੇ ਟੀਮ ਡਰਾਈਵਰਾਂ ਦੀ ਲੋੜ ਹੈ
- Texas, Missouri ਅਤੇ Kansas ਡੈਡੀਕੇਟਡ ਰਨ ਲਈ ਲੋੜ ਹੈ
- 2018 ਦੇ ਵੋਲਵੋ ਬਰੈਂਡ ਨੀਊ ਟਰੱਕ, ਵੀਕਐਂਡ ਹਮੇਸ਼ਾ ਘਰ
- ਹਰ ਮਹੀਨੇ 20,000 ਤੋਂ 24,000 miles ਅਤੇ Pay Every Week
"ਨਵੇਂ ਡਰਾਈਵਰ ਵੀ ਅਪਲਾਈ ਕਰ ਸਕਦੇ ਹਨ"
New Drivers Are Also Welcome, We Give Paid Training With Full Time Job
For Further Information Contact: 6476253344

MICHELIN | Hankook | Continental | ROADLUX | BFGoodrich | AEOLUS
BEST TRUCK REPAIR & TIRE CENTRE
ਟਰੱਕਾਂ ਦੇ ਟਾਇਰਾਂ ਤੇ ਇੰਜਣ /ਬੰਕ ਹੀਟਰ ਦੀ ਭਾਰੀ ਸੇਲ

We also Specialize in Engine, Transmission, Differential Rebuild, Safety Inspection & All Kinds of Electric Work
SPECIAL ON TRUCK ALIGNMENT
BRAND NEW MACHINES 2018
Brake & Drum - On Special Sale!
-Made in U.S
4 CAT Batteries $500 on Special Sale
Special Sale on Smartway Approved Tires $245 each
www.besttruckrepairandtire.ca | Email: ranjitbesttruck@yahoo.ca
7 ਦਿਨ ਖੁੱਲਾ
Chevron Delo
Special OIL CHANGE Rates
1715 Sismet Rd, Mississauga | Call Ranjit: 416.624.8351 | Tel: 905.625.0055

ਪੋਸਟ ਮੈਟ੍ਰਿਕ ਸਕਾਲਰਸ਼ਿਪ

# ਪਿਛਲੇ ਬਕਾਏ ਜਾਰੀ ਨਾ ਹੋਣ ਤੱਕ ਅਨਏਡਿਡ ਕਾਲਜਾਂ ਆਦਿ ਤੋਂ ਕੋਈ ਫੀਸ ਨਾ ਲਈ ਜਾਵੇ

ਚੰਡੀਗੜ੍ਹ, 15 ਨਵੰਬਰ (ਪੋਸਟ ਬਿਊਰੋ)- ਪੰਜਾਬ ਅਨਏਡਿਡ ਕਾਲਜਿਜ਼ ਐਸੋਸੀਏਸ਼ਨ (ਪੁੱਕਾ) ਅਤੇ ਪੰਜਾਬ ਅਨਏਡਿਡ ਟੈਕਨੀਕਲ ਇੰਸਟੀਚਿਊਸ਼ਨਜ਼ ਐਸੋਸੀਏਸ਼ਨ (ਪੁਟਿਆ) ਦੇ ਪ੍ਰਤੀਨਿਧ ਮੰਡਲ ਦੀ ਸਾਂਝੀ ਮੀਟਿੰਗ ਵਿੱਚ ਦੋਵਾਂ ਐਸੋਸੀਏਸ਼ਨਾਂ ਨੇ ਪੰਜਾਬ ਦੀਆਂ ਸਾਰੀਆਂ ਮਾਨਤਾ ਦੇਣ ਵਾਲੀਆਂ ਸਰਕਾਰੀ ਯੂਨੀਵਰਸਿਟੀਆਂ ਅਤੇ ਬੋਰਡਾਂ ਜਿਵੇਂ ਪੀ ਟੀ ਯੂ, ਜਲੰਧਰ, ਪੀ ਟੀ ਯੂ, ਬਠਿੰਡਾ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਪੀ ਐੱਸ ਬੀ ਟੀ ਆਈ ਟੀ ਆਦਿ ਨੂੰ ਬੇਨਤੀ ਕੀਤੀ ਕਿ ਜਦੋਂ ਤੱਕ ਸਰਕਾਰ ਪੋਸਟ ਮੈਟ੍ਰਿਕ ਸਕਾਲਰਸ਼ਿਪ ਦੀ ਬਾਕੀ ਰਕਮ ਜਾਰੀ ਨਹੀਂ ਕਰਦੀ, ਉਦੋਂ ਤੱਕ ਪ੍ਰਾਈਵੇਟ ਕਾਲਜਾਂ ਵੱਲੋਂ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਦੀ ਕਿਸੇ ਵੀ ਕਿਸਮ ਦੀ ਫੀਸ ਨਾ ਲਈ ਜਾਵੇ।

ਪੁੱਕਾ ਦੇ ਪ੍ਰਧਾਨ ਡਾਕਟਰ ਅੰਸ਼ੂ ਕਟਾਰੀਆ ਨੇ ਕਿਹਾ ਕਿ ਅਨੁਸੂਚਿਤ ਜਾਤੀਆਂ ਦੇ ਪਿਛਲੇ ਤਿੰਨ ਸਾਲਾਂ ਦੇ 1600 ਕਰੋੜ ਰੁਪਏ ਤੋਂ ਵੱਧ ਰਕਮ ਸਰਕਾਰ ਵੱਲ ਬਕਾਇਆ ਹੈ। ਕੇਂਦਰ ਨੇ ਕੁੱਲ ਰਕਮ ਦੇ ਵਿਰੁੱਧ 323 ਕਰੋੜ ਰੁਪਏ ਰਾਜ ਸਰਕਾਰ ਨੂੰ ਦਿੱਤੇ ਸਨ, ਜੋ ਕਾਲਜਾਂ ਨੂੰ ਅਜੇ ਜਾਰੀ ਨਹੀਂ ਕੀਤੇ ਗਏ। 2100 ਕਰੋੜ ਤੋਂ ਵੱਧ ਬਕਾਇਆ ਰਾਸ਼ੀ ਵਿੱਚੋਂ ਸਰਕਾਰ ਸਿਰਫ 400 ਕਰੋੜ ਹੀ ਦੇ ਰਹੀ ਹੈ। ਪੁਟਿਆ ਦੇ ਪ੍ਰਧਾਨ ਡਾਕਟਰ ਜੇ ਧਾਲੀਵਾਲ ਨੇ ਕਿਹਾ ਕਿ ਯੂਨੀਵਰਸਿਟੀਆਂ ਕਾਲਜਾਂ ਤੋਂ ਮਾਨਤਾ ਫੀਸ, ਪ੍ਰੀਖਿਆ ਫੀਸ ਅਤੇ ਵਿਦਿਆਰਥੀਆਂ ਨਾਲ ਸੰਬੰਧਤ ਫੀਸ (ਐੱਸ ਆਰ ਐੱਫ) ਲੈਂਦੀਆਂ ਹਨ, ਪਰ ਕਾਲਜ ਵਿੱਤੀ ਸੰਕਟ ਵਿੱਚ ਫਸੇ ਹੋਏ ਹਨ, ਜਿਸ ਕਰ ਕੇ ਉਹ ਯੂਨੀਵਰਸਿਟੀਆਂ ਨੂੰ ਇਹ ਫੀਸ ਨਹੀਂ ਦੇ ਸਕਦੇ।

# ਇਸਰੋ ਨੇ ਜੀਸੈਟ-29 ਸਫਲਤਾ ਪੂਰਵਕ ਲਾਂਚ ਕੀਤਾ

ਸ੍ਰੀਹਰੀਕੋਟਾ (ਆਂਧਰਾ ਪ੍ਰਦੇਸ਼), 15 ਨਵੰਬਰ (ਪੋਸਟ ਬਿਊਰੋ)- ਭਾਰਤੀ ਪੁਲਾੜ ਖੋਜ ਸੰਗਠਨ (ਇਸਰੋ) ਨੇ ਕੱਲ੍ਹ ਜੀ ਐਸ ਐਲ ਵੀ ਮਾਰਕ-ਤਿੰਨ ਦੀ ਮਦਦ ਨਾਲ ਜੀਸੈਟ-29 ਉਪਗ੍ਰਹਿ ਸਫਲਤਾ ਨਾਲ ਸ੍ਰੀਹਰੀਕੋਟਾ ਦੇ ਸਤੀਸ਼ ਧਵਨ ਪੁਲਾੜ ਕੇਂਦਰ ਤੋਂ ਲਾਂਚ ਕਰ ਦਿੱਤਾ। ਇਹ ਉਪਗ੍ਰਹਿ ਭੂ ਸਥਿਰ ਕੇਂਦਰ 'ਚ ਸਥਾਪਤ ਕੀਤਾ।

ਵਰਨਣ ਯੋਗ ਹੈ ਕਿ ਇਸ ਸਾਲ ਇਹ ਇਸਰੋ ਦਾ ਪੰਜਵਾਂ ਲਾਂਚ ਹੈ। ਇਸ ਰਾਕਟ 'ਚ ਦੁਨੀਆ ਦੇ ਦੂਜੇ ਸਭ ਤੋਂ ਵੱਡੇ ਬੂਸਟਰ ਐਸ-200 ਦੀ ਵਰਤੋਂ ਕੀਤੀ ਗਈ। 3423 ਕਿਲੋ ਵਜ਼ਨ ਦਾ ਇਹ ਉਪਗ੍ਰਹਿ ਭਾਰਤ ਦੀ ਜ਼ਮੀਨ ਤੋਂ ਲਾਂਚ ਕੀਤਾ ਗਿਆ ਅੱਜ ਤੱਕ ਦਾ ਸਭ



ਤੋਂ ਭਾਰਾ ਉਪਗ੍ਰਹਿ ਹੈ। ਇਹ ਇਕ ਸੰਚਾਰ ਉਪਗ੍ਰਹਿ ਹੈ। ਇਸ ਵਿੱਚ ਲੱਗੇ ਆਪ੍ਰੇਸ਼ਨਲ ਪੇਲੋਡਸ ਡਿਜ਼ੀਟਲ ਇੰਡੀਆ ਪ੍ਰੋਗਰਾਮ ਨਾਲ ਜੰਮੂ ਕਸ਼ਮੀਰ ਨਾਲ ਉਤਰ ਪੂਰਬੀ ਰਾਜਾਂ ਨੂੰ ਬਿਹਤਰ ਸੇਵਾ ਦੇਣਗੇ। ਇਸ ਨਾਲ ਇਨ੍ਹਾਂ ਖੇਤਰਾਂ 'ਚ ਹਾਈ ਸਪੀਡ ਇੰਟਰਨੈਟ ਵਿੱਚ ਕਾਫੀ ਮਦਦ ਮਿਲੇਗੀ। ਜੀਸੈਟ-29 ਨਵੀਂ ਪੁਲਾੜ ਤਕਨੀਕ ਨੂੰ ਟੈਸਟ ਕਰਨ ਵਿੱਚ ਇਕ ਪਲੇਟਫਾਰਮ ਦੀ ਤਰ੍ਹਾਂ ਕੰਮ ਕਰੇਗਾ।

ਇਸਰੋ ਦੇ ਮੁਖੀ ਕੇ. ਸਿਵਨ ਨੇ ਦੱਸਿਆ ਕਿ ਆਪ੍ਰੇਸ਼ਨਲ ਪੇਲੋਡਸ ਤੋਂ ਇਲਾਵਾ ਇਹ ਉਪਗ੍ਰਹਿ ਤਿੰਨ ਤਕਨੀਕਾਂ ਕਿਊ ਐਂਡ ਬੈਂਡਸ, ਆਪਟੀਕਲ ਕਮਿਊਨੀਕੇਸ਼ਨ ਅਤੇ ਇਕ ਹਾਈ ਰੈਜ਼ਾਲਿਊਸ਼ਨ ਕੈਮਰਾ ਵੀ ਆਪਣੇ ਨਾਲ ਲੈ ਗਿਆ ਹੈ। ਭਵਿੱਖ ਦੇ ਪੁਲਾੜ ਮਿਸ਼ਨ ਲਈ ਪਹਿਲੀ ਵਾਰ ਇਨ੍ਹਾਂ ਤਕਨੀਕਾਂ ਦਾ ਪ੍ਰੀਖਣ ਕੀਤਾ ਗਿਆ ਹੈ। ਇਸਰੋ ਦੇ ਅਨੁਸਾਰ ਇਹ ਜੀ ਐਸ ਐਲ ਵੀ-ਐਮ ਕੇ ਤਿੰਨ ਰਾਕੇਟ ਦੀ ਦੂਜੀ ਉਡਾਣ ਹੈ, ਜੋ ਲਾਂਚ ਹੋਣ ਤੋਂ ਬਾਅਦ 10 ਸਾਲ ਤੱਕ ਕੰਮ ਕਰੇਗਾ।

# ਅਕਾਲੀ ਸਰਕਾਰ ਵਿੱਚ ਵਜ਼ੀਫੇ ਬਾਰੇ ਜਾਂਚ ਹੋਈ, ਕਾਰਵਾਈ ਨਹੀਂ ਸੀ ਹੋਈ

ਬਠਿੰਡਾ, 15 ਨਵੰਬਰ (ਪੋਸਟ ਬਿਊਰੋ)- ਪੰਜਾਬ ਦੇ ਦਲਿਤ ਵਿਦਿਆਰਥੀਆਂ ਨੂੰ ਪੋਸਟ ਮੈਟ੍ਰਿਕ ਸਕਾਲਰਸ਼ਿਪ ਨਾ ਦਿੱਤੇ ਜਾਣ ਉੱਤੇ ਅੱਜ ਕੱਲ੍ਹ ਭਾਵੇਂ ਅਕਾਲੀ ਆਗੂ ਪ੍ਰਦਰਸ਼ਨ ਕਰ ਰਹੇ ਹਨ, ਸਾਬਕਾ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਧਰਨੇ 'ਤੇ ਬੈਠ ਰਹੇ ਹਨ, ਇਸ ਮਾਮਲੇ ਦਾ ਇੱਕ ਹੋਰ ਪਹਿਲੂ ਇਹ ਵੀ ਹੈ ਕਿ ਜਦ ਅਕਾਲੀ ਦਲ ਦੀ ਸਰਕਾਰ ਸੀ ਤੇ ਸੁਖਬੀਰ ਸਿੰਘ ਬਾਦਲ ਉਪ ਮੁੱਖ ਮੰਤਰੀ ਸਨ, ਉਸ ਵਕਤ ਵੀ ਪੋਸਟ ਮੈਟ੍ਰਿਕ ਸਕਾਲਰਸ਼ਿਪ ਵਿੱਚ ਫਰਾਡ ਦਾ ਭੇਦ ਖੁੱਲ੍ਹਾ ਸੀ। ਉਸ ਵਕਤ ਭਲਾਈ ਵਿਭਾਗ ਨੇ ਜਾਂਚ ਕਰ ਕੇ ਰਿਪੋਰਟ ਸਰਕਾਰ ਨੂੰ ਭੇਜੀ ਅਤੇ ਪੂਰੇ ਮਾਮਲੇ ਦੀ ਸੀ ਬੀ ਆਈ ਜਾਂ ਵਿਜੀਲੈਂਸ ਤੋਂ ਜਾਂਚ ਕਰਾਉਣ ਦੀ ਸਿਫਾਰਸ਼ ਵੀ ਕੀਤੀ ਸੀ। ਓਦੋਂ ਭਲਾਈ ਵਿਭਾਗ ਦੀ ਰਿਪੋਰਟ ਵਿੱਚ ਫਰਾਡ ਦਾ ਖੁਲਾਸਾ ਹੋਣ ਦੇ ਬਾਵਜੂਦ ਉਸ ਸਰਕਾਰ ਨੇ ਇਸ ਕੇਸ ਵਿੱਚ ਕੋਈ ਕਾਰਵਾਈ ਨਹੀਂ ਕੀਤੀ ਸੀ। ਇਹ ਕੇਸ ਉਸ ਦੇ ਬਾਅਦ ਫਾਈਲਾਂ ਵਿੱਚ ਦੱਬਿਆ ਰਿਹਾ ਅਤੇ ਸੂਬੇ ਦੇ 43 ਪ੍ਰਾਈਵੇਟ ਕਾਲਜਾਂ ਵਿੱਚ 3500 ਫਰਜ਼ੀ ਵਿਦਿਆਰਥੀਆਂ ਦੇ ਦਾਖਲੇ ਦਿਖਾ ਕੇ ਸਰਕਾਰ ਨੂੰ ਕਰੋੜਾਂ ਰੁਪਏ ਚੂਨਾ ਲਾਇਆ ਗਿਆ ਸੀ। ਭਲਾਈ ਵਿਭਾਗ ਦੀ ਰਿਪੋਰਟ ਦੇ ਅਨੁਸਾਰ ਡੰਮੀ ਐਡਮਿਸ਼ਨ ਨਾਲ ਸਰਕਾਰ ਨੂੰ ਹਰ ਸਾਲ ਕਰੀਬ 25 ਕਰੋੜ ਰੁਪਏ ਦਾ ਚੂਨਾ ਲਾਇਆ ਜਾ ਰਿਹਾ ਸੀ। ਜਾਂਚ ਪਿੱਛੋਂ ਭਲਾਈ ਵਿਭਾਗ ਨੇ ਰਿਕਵਰੀ ਵੀ ਸ਼ੁਰੂ ਕੀਤੀ ਸੀ, ਜਿਸ ਹੇਠ ਸੱਤ ਕਰੋੜ ਰੁਪਏ ਦੀ ਰਿਕਵਰੀ ਕੀਤੀ ਗਈ ਸੀ। ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਦੀ ਸਕਾਲਰਸ਼ਿਪ ਹੜੱਪਣ ਦਾ ਧੰਦਾ ਪਹਿਲਾਂ ਤੋਂ ਚੱਲ ਰਿਹਾ ਹੈ। ਜਾਂਚ ਰਿਪੋਰਟ ਵਿੱਚ ਪਤਾ ਲੱਗਾ ਕਿ ਬਠਿੰਡਾ ਜ਼ਿਲ੍ਹੇ ਵਿੱਚ ਕਈ ਰਸੂਖ ਵਾਲੇ ਲੋਕਾਂ ਨੇ ਆਪਣੇ ਪ੍ਰਾਈਵੇਟ ਕਾਲਜ ਖੇਤਾਂ ਵਿੱਚ ਖੋਲ੍ਹ ਰੱਖੇ ਹਨ। ਇਨ੍ਹਾਂ ਕਾਲਜਾਂ ਵਿੱਚ ਫਿਜੀਕਲੀ ਕੋਈ ਵਿਦਿਆਰਥੀ ਨਹੀਂ ਆਉਂਦਾ, ਪਰ ਕਾਗਜ਼ਾਂ ਵਿੱਚ ਇਨ੍ਹਾਂ ਕਾਲਜਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਦੀ ਗਿਣਤੀ ਸੈਂਕੜਿਆਂ ਵਿੱਚ ਹੈ। ਕਈ ਕਾਲਜਾਂ ਦਾ ਪਿਛਲੇ ਸਾਲਾਂ ਦਾ ਰਿਕਾਰਡ ਹੀ ਨਹੀਂ। ਕਿਸੇ ਵੀ ਕੋਰਸ, ਸੈਸ਼ਨ ਦੇ ਦਾਖਲਾ ਫਾਰਮ ਪੂਰੇ ਨਹੀਂ। ਫਾਰਮਾਂ 'ਤੇ ਵਿਦਿਆਰਥੀਆਂ ਦੇ ਸੰਪਰਕ ਨੰਬਰ ਨਹੀਂ ਦਿੱਤੇ ਗਏ। ਬਠਿੰਡਾ ਦੇ ਇੱਕ ਨਰਸਿੰਗ ਕਾਲਜ ਦੇ ਰਿਕਾਰਡ ਦੇ ਮੁਤਾਬਕ ਉਸ ਕਾਲਜ ਵਿੱਚ ਅੱਸੀ ਫੀਸਦੀ ਵਿਦਿਆਰਥੀ ਬਾਹਰੀ ਸੂਬਿਆਂ ਤੋਂ ਪੜ੍ਹਾਈ ਕਰ ਰਹੇ ਹਨ।

# ਟਰੰਪ ਦੋਵੇਂ ਵਾਰ ਟਵੀਟ ਵਿੱਚ ਦੀਵਾਲੀ ਦੀ ਵਧਾਈ ਵਿੱਚ ਹਿੰਦੂਆਂ ਨੂੰ ਭੁੱਲ ਗਏ

ਵਾਸ਼ਿੰਗਟਨ, 15 ਨਵੰਬਰ (ਪੋਸਟ ਬਿਊਰੋ)- ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵ੍ਹਾਈਟ ਹਾਊਸ ਵਿੱਚ ਜਦੋਂ ਦੀਵਾਲੀ ਮਨਾਈ ਤਾਂ ਟਵਿੱਟਰ 'ਤੇ ਵਧਾਈ ਵਿੱਚ ਹਿੰਦੂਆਂ ਦਾ ਜ਼ਿਕਰ ਕਰਨਾ ਹੀ ਭੁੱਲ ਗਏ। ਉਨ੍ਹਾਂ ਨੂੰ ਜਦ ਇਹ ਗਲਤੀ ਦੱਸੀ ਗਈ ਤਾਂ ਉਨ੍ਹਾਂ ਨੇ ਦੂਸਰੇ ਟਵੀਟ ਵਿੱਚ ਵੀ ਹਿੰਦੂਆਂ ਦਾ ਜ਼ਿਕਰ ਨਹੀਂ ਕੀਤਾ।



